# ਸਾਂਝੀ ਵਿਰਾਸਤ

ਅੰਕ 41 ਜਿਲਦ 4

1-ਜੇਠ 557 / 15-ਮਈ 2025



ਸਾਂਝੀ ਵਿਰਾਸਤ (Shared Heritage)

ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ

ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

## ਵਿਸ਼ਾ ਸੂਚੀ (1-ਜੇਠ 557 / 15-ਮਈ 2025)


| | | | |
|---|---|---|---|
| 1 | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2 | ਬਾਰਹ ਮਾਹਾ ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3 | ਬਾਰਹ ਮਾਹਾ ਦਾ ਪਾਠ ਅਤੇ ਕਾਵਿਕ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4 | ਸਹਸਾ ਅਤੇ ਸਹਿਜ | ਪ੍ਰੋਫੈਸਰ ਮਨਿੰਦਰ ਸਿੰਘ | 8 |
| 5 | ਸ਼ਹਾਦਤਾਂ ਦੇ ਸਫਰ ਦੇ ਗੁੱਝੇ ਭੇਦ - 2 | ਸਰਦਾਰਨੀ ਗੁਰਨਾਮ ਕੌਰ | 11 |
| 6 | ਬਾਬਾ ਬੰਦਾ ਸਿੰਘ ਬਹਾਦਰ - ਵਿਸ਼ਵ ਵਿਚ ਜਗੀਰਦਾਰੀ ਖਤਮ ਕਰਨ ਵਾਲਾ ਪਹਿਲਾ ਰਾਜਾ | ਡਾ. ਸਰਦਾਰ ਕਾਬਲ ਸਿੰਘ | 13 |
| 7 | ਖੇਤੀ ਮਾਹਰ - ਡਾ. ਸ. ਗੁਰਚਰਨ ਸਿੰਘ ਕਾਲਕਟ | ਡਾ. ਸਰਦਾਰ ਕਾਬਲ ਸਿੰਘ | 16 |
| 8 | ਸਾਨੂੰ ਇਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 18 |
| 9 | ਗਲੋਬਲ ਸਿੱਖ ਕੌਂਸਿਲ ਦੇ ਸੁਝਾਅ | ਸਰਦਾਰ ਅਮ੍ਰਿਤਪਾਲ ਸਿੰਘ | 21 |
| 10 | Shining Sikhs - Sir & Padma Awardees (Reproduced from "The Sikh Review") | Sardar Tarlochan Singh, Ex-MP, Chairman, Minorities Commission | 24 |
| 11 | ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ | ਪ੍ਰਸ਼ਨ-ਉਤੱਰ (17-18) | 27 |
| 12 | ਜ਼ਿੰਦਗੀ ਦੇ ਰੰਗ (ਗੀਤ) | ਸਰਦਾਰਨੀ ਗੁਰਦੀਸ਼ ਕੌਰ ਦੀਸ਼ | 29 |
| 13 | ਉੱਠੱਣ ਸਾਰ | ਡਾ. ਸਰਦਾਰ ਧਰਮਿੰਦਰ ਸਿੰਘ ਉਭੱਾ | 30 |
| 14 | ਹਿੰਦ ਦੀ ਚਾਦਰ | ਸਰਦਾਰਨੀ ਗੁਰਦੀਸ਼ ਕੌਰ ਦੀਸ਼ | 31 |
| 15 | ਪੁਸਤਕ ਸਮੀਖਿਆ | ਡਾ. ਸਰਦਾਰ ਦਲਜੀਤ ਸਿੰਘ ਵਿਰਕ | 32 |
| 16 | Some Prominent Sikh Scientists | Book Review by Dr D P Singh | 34 |
| 17 | Remembering S. Gurdip Singh Malik | Sardar Tarlochan Singh | 37 |
| 18 | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 38 |
| 19 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 20 | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 40 |

## ਸੰਪਾਦਕੀ ਨੋਟ

## (1-ਜੇਠ 557 / 15-ਮਈ 2025 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਜੇਠ ਦਾ ਮਹੀਨਾ 15 ਮਈ ਤੋਂ ਸ਼ੁਰੂ ਹੁੰਦਾ ਹੈ। ਸਾਰੇ ਖਾਲਸਾ ਪੰਥ ਲਈ ਨਾਨਕਸ਼ਾਹੀ ਕੈਲੰਡਰ ਵਿਸ਼ੇਸ਼ ਮਹੱਤਾ ਰਖਦਾ ਹੈ। ਸੂਰਜੀ ਅਧਾਰਿਤ (Tropical) ਹੋਣ ਕਰ ਕੇ ਇਹ ਪ੍ਰਚਲਿਤ ਅੰਗਰੇਜ਼ੀ (Gregorian) ਸਾਲ ਨਾਲ ਰਲਦਾ ਹੈ। ਇਸ ਦਾ ਚੰਦਰਮਾ ਅਧਾਰਿਤ ਬਿਕ੍ਰਮੀ ਸੰਮਤ ਨਾਲ ਕੋਈ ਸੰਬੰਧ ਨਹੀਂ। ਨਾਨਕਸ਼ਾਹੀ ਕੈਲੰਡਰ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਗੁਰਬਾਣੀ ਅਨੁਸਾਰ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ ਬਦਲਦੀਆਂ ਨਹੀਂ।

2 ਮਈ ਦੇ ਦਿਨ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਦਾ ਪ੍ਰਕਾਸ਼ ਪੁਰਬ ਹੈ। 23 ਮਈ (9 ਜੇਠ) ਨੂੰ ਤੀਜੇ ਪਾਤਸ਼ਾਹ ਗੁਰੂ ਅਮਰ ਦਾਸ ਸਾਹਿਬ ਦਾ ਪ੍ਰਕਾਸ਼ ਪੁਰਬ ਹੈ। 28 ਜੇਠ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਦਾ ਗੁਰ-ਗੱਦੀ ਦਿਹਾੜਾ ਹੈ। ਸਿੱਖ ਇਤਿਹਾਸ ਵਿਚ ਸਦਾ ਯਾਦ ਰਖਿੱਆ ਜਾਣ ਵਾਲਾ ਦੁਖਦਾਈ "ਛੋਟਾ ਘੱਲੂਘਾਰਾ" 3 ਜੇਠ (17 ਮਈ) 1746 ਨੂੰ ਵਾਪਰਿਆ ਸੀ।

ਹਰ ਸਾਲ ਦੁਨੀਆਂ ਭਰ ਵਿਚ ਮਈ ਦੀ ਪਹਿਲੀ ਤਰੀਕ ਨੂੰ ਮਜ਼ਦੂਰਾਂ ਦੀ ਦੇਨ ਯਾਦ ਕਰਦਿਆਂ "ਲੇਬਰ (ਮਈ) ਦਿਨ" ਮਨਾਇਆ ਜਾਂਦਾ ਹੈ।

ਮਈ ਦੀ 8 ਤਰੀਕ ਨੂੰ "ਅੰਤਰ-ਰਾਸ਼ਟ੍ਰੀ ਪੱਧਰ ਤੇ "ਮਾਂ-ਦਿਵਸ" (International Mothers' Day) ਮਨਾਇਆ ਜਾਂਦਾ ਹੈ।



### ਲੇਖਕਾਂ ਨੂੰ ਬੇਨਤੀ

ਲੇਖਕ ਆਪਣੀਆਂ ਪੰਜਾਬੀ (ਗੁਰਮੁਖੀ ਲਿਪੀ ਵਿਚ) ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ ਭੇਜ ਸਕਦੇ ਹਨ। ਰਚਨਾਵਾਂ ਸੰਖੇਪ ਹੋਣ, ਲੰਬੇ ਲੇਖ ਵੈਬਸਾਈਟ (sanjhivirasat.org) ਦੇ 'ਬਲਾਗ' ਉਤੇ ਜਾਂ ਲੜੀਵਾਰ ਵੀ ਛਾਪੇ ਜਾ ਸਕਦੇ ਹਨ। ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ। ਪਾਠਕਾਂ ਅਤੇ ਲੇਖਕਾਂ ਦੇ ਸਹਿਯੋਗ ਦਾ ਧੰਨਵਾਦ।

ਪ੍ਰੋਫ਼ੈਸਰ ਡਾ. ਸੁਰਜੀਤ ਸਿੰਘ ਭੱਟੀ,
ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)
sanjhivirasat13@gmail.com
surjitsinghbhatti@gmail.com

# ਜੇਠ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

## ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

## ੴ ਸਤਿਗੁਰ ਪ੍ਰਸਾਦਿ

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥ ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥ ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥ ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥ ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥ ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥ {ਪੰਨਾ 1108}

### ਵਿਆਖਿਆ

ਜੇਠ ਦੇ ਮਹੀਨੇ ਗਰਮੀ ਦੇ ਮੌਸਮ ਦਾ ਆਰੰਭ ਹੁੰਦਾ ਹੈ। ਧਰਤੀ ਭੱਠ ਵਾਂਗ ਤੱਪਦੀ ਹੈ। ਜੇਠ ਰੂਪੀ ਮਨੁੱਖੀ ਜੀਵਨ ਵਿਚ ਵੀ ਵਿਕਾਰਾਂ ਦੀ ਅੱਗ ਭੜਕ ਉਠਦੀ ਹੈ। ਇਹ ਅਵੱਸਥਾ ਪ੍ਰੀਤਮ ਵਾਹਿਗੁਰੂ ਨੂੰ ਵਿਸਰ ਜਾਣ ਨਾਲ ਵਿਆਪਦੀ ਹੈ। ਕਾਮਾਦਿਕ ਵਿਕਾਰਾਂ ਦੀ ਸਤਾਈ ਜੀਵ ਇਸਤ੍ਰੀ ਆਪਣੇ ਪ੍ਰਭੂ ਪਾਸ ਅਰਦਾਸਾਂ ਕਰਦੀ ਹੈ। ਉਸਨੂੰ ਸਮਝ ਪੈਂਦੀ ਹੈ ਕਿ ਪ੍ਰਭੂ ਦੇ ਗੁਣ ਗ੍ਰਹਿਣ ਕਰਨ ਨਾਲ ਹੀ ਇਹ ਉਸਨੂੰ ਚੰਗੀ ਲਗੇਗੀ।

ਉਹ ਨਿਰਾਲਾ ਪ੍ਰੀਤਮ ਤਾਂ ਸਦਾ ਸਥਿਰ ਅਵੱਸਥਾ ਵਿਚ ਰਹਿੰਦਾ ਹੈ। ਉਸ ਦੀ ਆਗਿਆ ਬਿਨਾ ਜੀਵ ਇਸਤ੍ਰੀ ਉਸ ਪਾਸ ਕਿਵੇਂ ਜਾ ਸਕਦੀ ਹੈ ? ਆਪਣੇ ਪ੍ਰਭੂ ਤੋਂ ਬਿਨਾ ਜੀਵ ਇਸਤ੍ਰੀ ਨਿਢਾਲ ਤੇ ਕਮਜ਼ੋਰ ਹੈ। ਉਹ ਪ੍ਰਭੂ ਦੇ ਮਹਿਲ ਵਿਚ ਮੇਲ ਦੀ ਅਵੱਸਥਾ ਦਾ ਸੁਖ ਨਹੀਂ ਮਾਣ ਸਕਦੀ। ਜੇਠ ਰੂਪੀ ਜੀਵਨ ਵਿਚ ਜੇ ਜੀਵ ਇਸਤ੍ਰੀ ਪ੍ਰਭੂ ਦੀ ਪਛਾਣ ਪਾ ਲੈਂਦੀ ਹੈ ਤਾਂ ਉਸਦੀ ਬਖਸ਼ਿਸ਼ ਨਾਲ ਉਸ ਵਿਚ ਇਕ ਰੂਪ ਹੋ ਜਾਂਦੀ ਹੈ।



ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

ਬਾਰਹ ਮਾਹਾ ਮਾਝ ਮਹਲਾ ੫ ਘਰੁ ੪

ਜੇਠ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ॥

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥

ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥

ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥

ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥

ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥

ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥

ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥

ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥

ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥

ਭਾਵ ਅਰਥ :

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ (ਭਾਰਤ)

ਜੇਠ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਸਾਨੂੰ ਉਸ ਪ੍ਰਭੂ ਪ੍ਰਮਾਤਮਾ ਨਾਲ ਜੁੜਨਾ ਚਾਹੀਦਾ ਹੈ ਜਿਸ ਦੇ ਅੱਗੇ ਸਾਰੇ ਜੀਵ ਝੁਕਦੇ ਹਨ। ਜਿਸ ਦਾ ਦਾਮਨ ਫੜਨ ਨਾਲ ਜ਼ਿੰਦਗੀ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਦੁਨੀਆਂ ਦੀ ਹਰ ਦੌਲਤ ਚੋਰੀ ਹੋ ਸਕਦੀ ਹੈ ਪਰ ਪ੍ਰਭੂ ਦੇ ਨਾਮ ਦਾ ਧਨ ਐਸਾ ਹੈ ਜਿਸ ਨੂੰ ਕੋਈ ਚੁਰਾ ਨਹੀਂ ਸਕਦਾ। ਉਸ ਦੇ ਸਾਰੇ ਹੀ ਕੌਤਕ ਮਨ ਨੂੰ ਭਉਣ ਵਾਲੇ ਹਨ। ਜੋ ਉਹ ਚਾਹੁੰਦਾ ਹੈ ਆਪਣੇ ਜੀਵਾਂ ਕੋਲੋਂ ਓਹੀ ਕੁਝ ਕਰਵਾ ਲੈਂਦਾ ਹੈ। ਉਹ ਜੀਵ ਧੰਨ ਹਨ ਜਿਨ੍ਹਾਂ ਨੂੰ ਕਿਰਪਾ ਕਰਕੇ ਪ੍ਰਮਾਤਮਾ ਅਪਣੇ ਨਾਲ ਮਿਲਾ ਲੈਂਦਾ ਹੈ। ਉਸ ਦੇ ਸੰਗ ਦਾ ਆਨੰਦ ਵੀ ਉਹ ਹੀ ਮਾਣਦੇ ਹਨ। ਚੰਗੇ ਭਾਗਾਂ ਨਾਲ਼ ਜਿਨ੍ਹਾਂ ਜੀਵਾਂ ਨੂੰ ਉਸ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ਉਨ੍ਹਾਂ ਲਈ ਜੇਠ ਦਾ ਮਹੀਨਾ ਵੀ ਸੁਹਾਵਣਾ ਬਣ ਜਾਂਦਾ ਹੈ।

ਬਾਰਹ ਮਾਹਾ ਮਾਝ ਮਹਲਾ 5 ਵਿੱਚੋਂ ਜੇਠ ਮਹੀਨੇ ਦੇ ਪਾਠ ਦੀ

ਕਾਵਿਕ ਵਿਆਖਿਆ

ਜੇਠ ਵਿੱਚ ਉਸ ਹਰੀ ਨਾਲ ਜੁੜੀਏ,
ਜਿਸ ਅੱਗੇ ਨੇ ਝੁਕਦੇ ਸਾਰੇ।
ਜਿਸ ਸੱਜਣ ਦਾ ਦਾਮਨ ਫੜਿਆਂ, ਜੱਗ ਦੇ ਬੰਧਨ ਮੁਕਦੇ ਸਾਰੇ।
ਨਾਮੁ ਪ੍ਰਭੂ ਦਾ ਮਾਣਿਕ ਮੋਤੀ, ਜਿਸ ਨੂੰ ਨਾ ਕੋਈ ਚੋਰ ਚੁਰਾਵੇ।
ਰੰਗ ਬਿਰੰਗੇ ਕੌਤਕ ਉਸ ਦੇ, ਜੋ ਸਭਨਾਂ ਦੇ ਮਨ ਨੂੰ ਭਾਵੇ।
ਜੋ ਉਹ ਚਾਹੁੰਦੈ ਓਹੀ ਕਰਦੈ, ਓਹੀ ਕੁੱਝ ਕਰਵਾਉਂਦਾ ਰਹਿੰਦੈ।
ਅਪਣਾ ਜਿਨੂੰ  ਬਣਾ ਲੈਂਦਾ ਹੈ, ਧੰਨ ਓਸ ਨੂੰ ਹਰ ਕੋਈ ਕਹਿੰਦੈ।
ਆਪਣੇ ਆਪ ਜੇ ਮਿਲਦਾ ਹੋਵੇ, ਵਿਛੜ ਕੇ ਕਿਉਂ ਰੋਵਣ ਸਾਰੇ।
ਗੁਰੂ ਮਿਲਾਵੇ ਤਾਂ ਉਹ ਮਿਲਦੈ, ਫੇਰ ਆਨੰਦਿਤ ਹੋਵਣ ਸਾਰੇ।
ਉਸ ਨੂੰ ਜੇਠ ਸੁਹਾਣਾ ਲੱਗਦੈ, ਕੰਵਲ ਜਿਹਦੇ ਭਾਗਾਂ ਦਾ ਖਿਲਦੈ।
ਜਿਸ ਦੇ ਭਾਗ ਮੱਥੇ ਦੇ ਚੰਗੇ, ਪ੍ਰਭੂ ਪਤੀ ਓਸੇ ਨੂੰ ਮਿਲਦੈ।



ਇੰਜੀਨੀਅਰ ਸਰਦਾਰ
ਕਰਮਜੀਤ ਸਿੰਘ ਨੂਰ, ਜਲੰਧਰ
(ਭਾਰਤ)
9815023970

## ਗੁਰੂ ਨਾਨਕ ਦੇਵ ਜੀ ਰਚਿਤ ਬਾਰਹ ਮਾਹਾ ਤੁਖਾਰੀ ਵਿੱਚੋਂ
## ਜੇਠ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਜੇਠ ਦਾ ਮਹੀਨਾ ਭਾਉਂਦਾ ਓਸ ਜੀਵ ਇਸਤ੍ਰੀ ਨੂੰ ,
ਪ੍ਰੀਤਮ ਨੂੰ ਜਿਹੜੀ ਨਹੀਂ ਵਿਸਾਰਦੀ।
ਥਲਾਂ ਵਾਂਗ ਤਨ ਪਿਆ ਤਪਦਾ ਵਿਕਾਰਾਂ ਵਿੱਚ,
ਪਈ ਜੀਵ ਆਤਮਾ ਪੁਕਾਰਦੀ।

ਕਰੇ ਅਰਜੋਈ ਗੁਣ ਗਾ ਗਾ ਕੇ ਓਸ ਦੇ,
ਮੈਂ ਆਪਣੇ ਪਿਆਰੇ ਦਾ ਪਿਆਰ ਲਾਂ।
ਜਿਨ੍ਹਾਂ ਗੁਣਾਂ ਕਰਕੇ ਪਿਆਰੀ ਲੱਗਾਂ ਪ੍ਰਭੂ ਨੂੰ ਮੈਂ,
ਉਹੀ ਗੁਣ ਹਿਰਦੇ 'ਚ ਧਾਰ ਲਾਂ।

ਮਾਇਆ ਤੋਂ ਅਲੇਪ, ਪੱਕੇ ਮਹਿਲ ਵਿੱਚ ਰਹਿਣ ਵਾਲੇ ਪ੍ਰਭੂ,
ਮੈਂ ਜੇ ਕਿਤੇ ਤੈਨੂੰ ਭਾ ਜਵਾਂ ।
ਆਗਿਆ ਜੇ ਦੇ ਦਵੇਂ ਤੂੰ ਮੈਨੂੰ ਉੱਥੇ ਆਉਣ ਦੀ ਤਾਂ,
ਮੈਂ ਵੀ ਤੇਰੇ ਮਹਿਲ ਵਿੱਚ ਆ ਜਵਾਂ।

ਤੇਰੇ ਬਿਨਾ ਜਿੰਦ ਇਹ ਨਿਮਾਣੀ ਤੇ ਨਿਤਾਣੀ,
ਤੇਰੇ ਮਹਿਲਾਂ ਦਾ ਆਨੰਦ ਕਿਵੇਂ ਪਾ ਲਵੇ।
ਉਹਦੀ ਮੇਹਰ  ਨਾਲ ਇੱਕ ਰੂਪ ਹੋ ਜਾਏ ਜੇਠ 'ਚ ਵੀ,
ਨਾਨਕ ਜੋ ਉਹਦੇ ਗੁਣ ਗਾ ਲਵੇ॥

## ਸਹਸਾ ਤੇ ਸਹਿਜ

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਸਹਸਾ ਸ਼ਬਦ ਸੰਸਕ੍ਰਿਤ ਦੇ ਸੰਸ਼ਯ ਤੋਂ ਆਇਆ ਹੈ ਜਿਸਦਾ ਅਰਥ ਹੈ ਸ਼ੱਕ, ਸੰਦੇਹ, ਸੰਸਾ, ਵਿਚਾਰ-ਹੀਣਤਾ। ਕਰਤਾ ਪੁਰਖ ਨੇ ਮਨੁੱਖ ਨੂੰ ਸੋਚਣ ਵਿਚਾਰਨ ਦੀ ਸ਼ਕਤੀ ਦਿੱਤੀ ਹੈ ਇਸੇ ਲਈ ਇਸ ਨੂੰ ਧਰਤੀ ਦੇ ਜੀਵਾਂ ਦਾ ਸਰਦਾਰ ਮੰਨਿਆ ਗਿਆ ਹੈ। ਸੋਚ ਵਿਚਾਰ ਦਾ ਆਧਾਰ ਮਨੁੱਖ ਦੀ ਬੁੱਧੀ ਹੈ। ਗੁਰਬਾਣੀ ਨੇ ਇਸ ਬੁੱਧੀ ਜਾਂ ਅਕਲ ਨਾਲ ਹੀ ਜੀਵਨ ਦਾ ਹਰੇਕ ਕਰਮ ਕਰਨ ਦੀ ਪ੍ਰੇਰਣਾ ਕੀਤੀ ਹੈ। ਰੋਜ਼ਾਨਾ ਦੇ ਜੀਵਨ ਨਿਰਬਾਹ ਲਈ ਤਾਂ ਅਸੀਂ ਆਲੇ ਦੁਆਲੇ ਤੋਂ ਸਿੱਖ ਕੇ ਆਪਣੇ ਸੰਸਾਰਕ ਕਾਰਜ ਕਰ ਲੈਂਦੇ ਹਾਂ ਪਰ ਸਭ ਤੋਂ ਸ੍ਰੇਸ਼ਟ ਆਤਮ ਉਧਾਰ ਵਾਲੇ ਪਰਮਾਰਥਕ ਤੇ ਅਧਿਆਤਮਕ ਕਾਰਜਾਂ ਪ੍ਰਤੀ ਪੂਰੇ ਸਾਵਧਾਨ ਨਹੀਂ ਹੁੰਦੇ। ਇਸ ਪ੍ਰਤੀ ਸਤਿਗੁਰਾਂ ਨੇ ਅਕਲ ਤੋਂ ਕੰਮ ਲੈਣ ਦਾ ਉਪਦੇਸ਼ ਦਿੱਤਾ ਹੈ।

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥

ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥1॥ (ਅੰਗ-1245)

ਪਰਮਾਤਮਾ ਦਾ ਸਿਮਰਨ ਸੋਚ ਸਮਝ ਤੇ ਅਕਲ ਨਾਲ ਕਰੀਏ ਤੇ ਇੱਜ਼ਤ ਖੱਟੀਏ। ਪ੍ਰਭੂ ਦੀ ਸਿਫ਼ਤ ਸਾਲਾਹ ਵਾਲੀ ਬਾਣੀ ਪੜ੍ਹੀਏ, ਇਸਦੇ ਡੂੰਘੇ ਭੇਦ ਸਮਝੀਏ ਤੇ ਹੋਰਨਾ ਨੂੰ ਸਮਝਾਈਏ, ਜ਼ਿੰਦਗੀ ਦਾ ਸਹੀ ਰਸਤਾ ਸਿਰਫ਼ ਇਹੀ ਹੈ। ਸਿਮਰਨ ਤੋਂ ਇਲਾਵਾ ਹੋਰ ਕਰਮ ਕਾਂਡਾਂ ਦੀਆਂ ਗੱਲਾਂ ਦੱਸਣ ਵਾਲਾ ਸ਼ੈਤਾਨ ਹੈ।

ਗੁਰਬਾਣੀ ਦੇ ਦੱਸੇ ਨਾਮ ਸਿਮਰਨ ਤੇ ਭਗਤੀ ਦੀ ਸਮਝ ਤੇ ਵਿਚਾਰ ਕੋਈ ਵਿਰਲਾ ਹੀ ਕਰਦਾ ਹੈ। ਬਹੁਤੇ ਲੋਕ ਪੁਰੋਹਤਾਂ, ਪੁਜਾਰੀਆਂ ਦੁਆਰਾ ਦੱਸੇ ਗਏ ਕਰਮਕਾਂਡਾਂ ਨੂੰ ਹੀ ਧਰਮ ਸਮਝ ਕੇ ਉਨ੍ਹਾਂ ਦਾ ਪਾਲਨ ਕਰਦੇ ਵੇਖੇ ਜਾਂਦੇ ਹਨ। ਇਸ ਤਰ੍ਹਾਂ ਉਹ ਉਨ੍ਹਾਂ ਕੰਮਾਂ ਵਿਚ ਪਏ ਰਹਿੰਦੇ ਹਨ ਜਿਨ੍ਹਾਂ ਦਾ ਜੀਵ ਆਤਮਾਂ ਨੂੰ ਕੋਈ ਲਾਭ ਨਹੀ ਪੁੱਜਦਾ। ਇਸ ਪ੍ਰਥਾਇ ਧਨਾਸਰੀ ਰਾਗ ਦੇ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ :

ਛੋਡਿ ਜਾਹਿ ਸੇ ਕਰਹਿ ਪਰਾਲ॥ ਕਾਮਿ ਨ ਆਵਹਿ ਸੇ ਜੰਜਾਲ॥ ਸੰਗਿ ਨ ਚਾਲਹਿ ਤਿਨ ਸਿਉ ਹੀਤ॥ ਜੋ ਬੈਰਾਈ ਸੇਈ ਮੀਤ॥1॥

ਐਸੇ ਭਰਮਿ ਭੁਲੇ ਸੰਸਾਰਾ॥ ਜਨਮੁ ਪਦਾਰਥੁ ਖੋਇ ਗਵਾਰਾ॥ (ਅੰਗ-676)

ਮਨੁੱਖ ਅਕਸਰ ਉਹੀ ਨਿਕੰਮੇ ਕੰਮ ਕਰਦੇ ਰਹਿੰਦੇ ਹਨ ਜਿਨ੍ਹਾਂ ਨੂੰ ਆਖਰ ਛੱਡ ਕੇ ਚਲੇ ਜਾਣਾ ਹੈ। ਉਹੀ ਜੰਜਾਲ ਸਹੇੜੀ ਰੱਖਦੇ ਹਨ ਜਿਹੜੇ ਕਿਸੇ ਕੰਮ ਨਹੀਂ ਆਉਂਦੇ। ਉਨ੍ਹਾ ਨਾਲ ਮੋਹ ਪਿਆਰ ਬਣਾਈ ਰਖਦੇ ਹਨ ਜਿਹੜੇ ਅੰਤ ਵੇਲੇ ਨਾਲ ਨਹੀਂ ਜਾਂਦੇ। ਉਨ੍ਹਾ ਵਿਕਾਰਾਂ ਨੂੰ ਮਿੱਤਰ ਸਮਝਦੇ ਰਹਿੰਦੇ ਹਨ ਜੋ ਅਸਲ ਵਿਚ ਆਤਮਕ ਜੀਵਨ ਦੇ ਵੈਰੀ ਹਨ। ਇਸ ਤਰ੍ਹਾਂ ਮਾਇਆ ਦੀ ਭਟਕਣ ਵਿਚ ਪੈ ਕੇ ਮੂਰਖ ਜਗਤ ਆਪਣਾ ਕੀਮਤੀ ਮਨੁੱਖਾ ਜਨਮ ਗਵਾ ਰਿਹਾ ਹੈ। ਸਤਿਗੁਰਾਂ ਨੇ ਜੀਵਨ ਦਾ ਸਿੱਧਾ ਰਾਹ ਦੱਸਿਆ ਹੈ ਪਰ ਅਗਿਆਨੀ ਲੋਕ ਇਹ ਮਾਰਗ ਛੱਡਕੇ ਔਜੜੀਂ ਪੈ ਜਾਂਦੇ ਹਨ ।

ਉਨ੍ਹਾ ਦਾ ਮਨ ਹਮੇਸ਼ਾ ਡਾਵਾਂਡੋਲ ਰਹਿੰਦਾ ਹੈ ਤੇ ਅਨੇਕ ਸੰਸੇ ਉਨ੍ਹਾ ਨੂੰ ਘੇਰ ਲੈਂਦੇ ਹਨ। ਇਨ੍ਹਾਂ ਤੋਂ ਬਚਣ ਲਈ ਕੇਵਲ ਸਤਿਗੁਰਾਂ ਦਾ ਦੱਸਿਆ ਗਾਡੀ-ਰਾਹ ਹੀ ਜੀਵ ਦਾ ਪਾਰ ਉਤਾਰਾ ਕਰ ਸਕਦਾ ਹੈ। ਇਸ ਲਈ ਜੀਵਨ ਦੇ ਸਿੱਧੇ ਰਾਹ ਤੇ ਦੌੜੋ। ਵਿੰਗੇ ਰਸਤੇ ਤੇ ਜੀਵ ਔਝੜੀਂ ਪੈਂਦਾ ਹੈ।

ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ ॥ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ॥

ਸਹਸੈ ਜੀਅਰਾ ਪਰਿ ਰਹਿਓ ਮਾ ਕਉ ਅਵਰੁ ਨ ਢੰਗੁ ॥ ਨਾਨਕ ਗੁਰਮੁਖਿ ਛੁਟੀਐ ਹਰਿ ਪ੍ਰੀਤਮ ਸਿਉ ਸੰਗੁ ॥7॥(ਅੰਗ-1410)

ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੀ ਅਠਾਰਵੀਂ ਪਉੜੀ ਵਿਚ ਕਰਮ ਕਾਂਡ ਦੇ ਵਰਤਾਰੇ ਨੂੰ ਤਿਆਗ ਕੇ ਸਹਜ ਭਾਵ ਗੁਰੂ ਗਿਆਨ ਦਾ ਮਾਰਗ ਅਪਨਾਉਣ ਦਾ ਉਪਦੇਸ਼ ਕੀਤਾ ਹੈ :

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥ ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥

ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥ (ਅੰਗ-919)

ਕਰਮ-ਕਾਂਡਾਂ ਵਿਚ ਫੱਸੇ ਮਨ ਵਿਚ ਸਦਾ ਤੌਖਲਾ ਤੇ ਸਹਿਮ ਬਣਿਆ ਰਹਿੰਦਾ ਹੈ ਜੋ ਆਤਮਕ ਗਿਆਨ ਤੋਂ ਬਿਨਾ ਦੂਰ ਨਹੀ ਹੁੰਦਾ ਅਤੇ ਬਾਹਰਲੇ ਕਰਮ-ਕਾਂਡ ਕਰਨ ਨਾਲ ਨਹੀਂ ਮਿਲਦਾ।

ਅਨੇਕਾਂ ਬੰਦੇ ਅਜਿਹੇ ਕਰਮ-ਕਾਂਡ ਕਰਦੇ ਕਰਦੇ ਹਾਰ ਗਏ ਹਨ । ਪਰ ਮਨ ਦਾ ਤੌਖਲਾ ਤੇ ਸਹਿਮ ਅਜਿਹੇ ਕਿਸੇ ਤਰੀਕੇ ਨਾਲ ਨਹੀਂ ਜਾਂਦਾ। ਜਿਤਨਾ ਚਿਰ ਮਨ ਸਹਿਮ ਵਿਚ ਹੈ ਉਤਨਾ ਚਿਰ ਮੈਲਾ ਹੀ ਰਹਿੰਦਾ ਹੈ ।ਮਨ ਦੀ ਇਹ ਮੈਲ ਕਿਸੇ ਬਾਹਰਲੀ ਜੁਗਤੀ ਨਾਲ ਨਹੀਂ ਸਾਫ਼ ਨਹੀਂ ਹੁੰਦੀ ।ਹੇ ਭਾਈ ! ਗੁਰੂ ਦੇ ਸ਼ਬਦ ਵਿਚ ਜੁੜੋ, ਪਰਮਾਤਮਾਂ ਦੇ ਚਰਨਾ ਵਿਚ ਸਦਾ ਚਿੱਤ ਜੋੜੀ ਰੱਖੋ, ਜੇ ਮਨ ਧੋਣਾ ਹੈ ਤਾਂ ਇਸਤਰ੍ਹਾਂ ਧੋਵੋ।

ਸਹਜ ਪਦ ਦੇ ਅਨੇਕਾਂ ਅਰਥ ਮਹਾਨ ਕੋਸ਼ ਵਿਚ ਦਿੱਤੇ ਗਏ ਹਨ ਜਿਵੇਂ- ਸੁਭਾਵਕ, ਕੁਦਰਤੀ, ਫ਼ਿਤਰਤ, ਅਸਲ ਪ੍ਰਕ੍ਰਿਤੀ, ਵਿਚਾਰ, ਵਿਵੇਕ, ਸੁਸ਼ੀਲ, ਧੀਰਜ ਸ਼ਾਤੀ ਆਦਿਕ। ਗੁਰਬਾਣੀ ਵਿਚ ਇਹ ਪਦ ਵਧੇਰੇ ਸੁਭਾਵਕ, ਆਤਮਕ ਅਡੋਲਤਾ ਅਤੇ ਵਿਵੇਕ ਤੇ ਲਈ ਵਰਤਿਆ ਗਿਆ ਹੈ :

ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥ ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੂਪ ਸਹਜੇ ਹੀ ਜਪਨਾ ॥3॥

ਸਹਜੇ ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥ ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥4॥(ਅੰਗ-236)

ਸਹਜ ਅਵੱਸਥਾ ਵਿਚ ਮਨੁੱਖ ਭਾਵੇਂ ਜਾਗਦਾ ਹੋਵੇ ਚਾਹੇ ਜਾਂ ਸੁੱਤਾ ਹੋਵੇ ਉਹ ਸਦਾ ਆਤਮਕ ਅਡੋਲਤਾ ਵਿਚ ਟਿੱਕਿਆ ਰਹਿੰਦਾ ਹੈ ,ਪਰਮਾਤਮਾਂ ਦੀ ਰਜ਼ਾ ਵਿਚ ਜੋ ਕੁਝ ਹੁੰਦਾ ਹੈ ਉਹ ਉਸਨੂੰ ਠੀਕ ਮੰਨਦਾ ਹੈ ।ਕੋਈ ਗਮੀ ਦੀ ਘਟਨਾ ਹੋਵੇ ਚਾਹੇ ਖੁਸ਼ੀ ਦਾ ਸਬੱਬ ਬਣੇ ਉਹ ਆਤਮਕ ਅਡੋਲਤਾ ਵਿਚ ਸਥਿਤ ਰਹਿੰਦਾ ਹੈ । ਉਹ ਚੁੱਪ ਬੈਠਾ ਵੀ ਅਡੋਲ ਹੁੰਦਾ ਹੈ ਤੇ ਬੋਲ ਰਿਹਾ ਵੀ ਅਡੋਲਤਾ ਵਿਚ ਰਹਿੰਦਾ ਹੈ।

ਸਿਰੀਰਾਗੁ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਇਕ ਲੰਮੇ ਸ਼ਬਦ ਵਿਚ ਸਹਿਜ ਪਦ ਦੀ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ ।ਸਤਿਗੁਰਾਂ ਨੇ ਜੀਵਨ ਦਾ ਹਰੇਕ ਕੰਮ ਸਹਿਜ ਨਾਲ ਕਰਨ ਦਾ ਉਪਦੇਸ਼ ਕਰਦਿਆਂ ਸਹਿਜ ਅਵੱਸਥਾਂ ਦੀ ਪ੍ਰਾਪਤੀ ਦਾ ਢੰਗ ਦਸਦਿਆ ਫ਼ੁਰਮਾਇਆ ਹੈ :

ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥1॥ ਅੰਗ-68)

ਗੁਰੂ ਦੀ ਸ਼ਰਨਂ ਬਿਨਾ ਮਨੁੱਖ ਦੇ ਅੰਦਰ ਆਤਮਕ ਅਡੋਲਤਾ ਪੈਦਾ ਨਹੀਂ ਹੁੰਦੀ ।ਗੁਰੂ ਦੇ ਸ਼ਬਦ ਵਿਚ ਜੁੜਨ ਤੋਂ ਆਤਮਕ ਅਡੋਲਤਾ ਪੈਦਾ ਹੁੰਦੀ ਹੈ।

ਗੁਰਬਾਣੀ ਨੇ ਜੀਵਨ ਦੇ ਹਰੇਕ ਕਾਰਜ ਨੂੰ ਸਹਿਜ ਅਵੱਸੱਥਾ ਨਾਲ ਜੋੜ ਕੇ ਜੀਵਨ ਦਾ ਸਹੀ ਮਨੋਰਥ ਨਿਰਧਾਰਤ ਕੀਤਾ ਹੈ, ਜਿਵੇਂ ਸਹਿਜ- ਆਨੰਦ, ਸਹਿਜ ਸਰੋਵਰ, ਸਹਿਜ-ਸੁੱਖ, ਸਹਜ-ਸੁਭਾਓ, ਸਹਜ-ਧੁੰਨਿ, ਸਹਜ-ਕਥਾ, ਸਹਿਜ-ਯੋਗ ਆਦਿਕ। ਬਿਲਾਵਲ ਰਾਗ ਦੇ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਹਜ ਸਮਾਧਿ ਦੀ ਆਨੰਦਮਈ ਅਵੱਸਥਾ ਦਾ ਵਰਣਨ ਕੀਤਾ ਹੈ :

ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥ ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ ॥ ਰਹਾਉ ॥

ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ ॥ ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ਕਛੁ ਬਿਘਨੁ ਨ ਥੀਆ ॥1॥

ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ ॥ ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ ॥2॥ (ਅੰਗ-807)

ਜਿਸ ਮਨੁੱਖ ਉੱਤੇ ਗੁਰੂ ਦਇਆਵਾਨ ਹੁੰਦਾ ਹੈ, ਉਸ ਨੂੰ ਪੂਰੇ ਗੁਰੂ ਨੇ ਆਤਮਕ ਅਡੋਲਤਾ ਵਿਚ ਇਕ-ਰੱਸ ਟਿਕਾਉ ਦੇ ਸਾਰੇ ਸੁਖ ਆਨੰਦ ਦੇ ਦਿੱਤੇ ਹਨ ।ਗੁਰੂ ਦੇ ਚਰਨਾ ਵਿਚ ਰਿਹਾਂ ਸਦਾ ਹੀ ਆਦਰ-ਮਾਣ ਮਿਲਦਾ ਹੈ ।

ਭਾਈ ਗੁਰਦਾਸ ਜੀ ਨੇ ਸਹਿਜ ਪਦ ਤੇ ਪੁੱਜੇ ਗੁਰਸਿੱਖ ਦੇ ਵਿਹਾਰਕ ਜੀਵਨ ਦਾ ਵਰਣਨ ਕਰਦਿਆਂ ਫ਼ੁਰਮਾਇਆ ਹੈ :

ਹਉਂ ਤਿਸ ਘੋਲ ਘੁਮਾਇਆ ਗੁਰਮਤਿ ਰਿਦੇ ਗਰੀਬੀ ਆਵੈ॥ ਹਉਂ ਤਿਸ ਘੋਲ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ॥

ਹਉਂ ਤਿਸ ਘੋਲ ਘੁਮਾਇਆ ਪਰਦਰਬੇ ਨੂੰ ਹਥ ਨ ਲਾਵੈ॥ ਹਉਂ ਤਿਸ ਘੋਲ ਘੁਮਾਇਆ ਪਰਨਿੰਦਾ ਸੁਣ ਆਪ ਹਟਾਵੈ॥ ਹਉਂ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ਼ ਕਮਾਵੈ॥ ਹਉਂ ਤਿਸ ਘੋਲ ਘੁਮਾਇਆ ਥੋੜਾ ਸਵੇਂ ਥੋੜਾ ਹੀ ਖਾਵੈ॥ ਗੁਰਮੁਖ ਸੋਈ ਸਹਜ ਸਮਾਵੈ ॥4॥ (ਵਾਰ -12/4)

## ਸ਼ਹਾਦਤਾਂ ਦੇ ਸਫ਼ਰ ਦੇ ਗੁੱਝੇ ਭੇਦ - 2

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)



1.ਸ਼ਹਾਦਤਾਂ ਦੇ ਸਫ਼ਰ ਦੇ ਗੁੱਝੇ ਭੇਦ ਮਨੁੱਖੀ ਮਨ ਦੀ ਪਹੁੰਚ ਤੋਂ ਪਰੇ ਦੀ ਗੱਲ ਹੈ। ਪਰ ਜਿਨ੍ਹਾਂ ਕੁ ਕਿਣਕਾ ਸੁਰਤ ਦੀ ਪਕੜ ਵਿੱਚ ਆਇਆ ਜਾਂ ਇਤਿਹਾਸ ਨੂੰ ਘੋਖਿਆ ਹੈ, ਸਾਂਝਾ ਕਰ ਰਹੀ ਹਾਂ।

ਗੁਰੂ ਨਾਨਕ ਜੀ ਦੀਆਂ ਪਾਈਆਂ ਪਵਿੱਤਰ ਪੈੜਾਂ ਤੇ ਤੁਰਦਾ ਗੁਰਮੁਖਾਂ ਦਾ ਇਹ ਕਾਫਲਾ, "ਕਰਤਾਰ ਪੁਰ ਕਰਤਾ ਵਸੈ ਸੰਤਨ ਕੈ ਪਾਸਿ" ਦਾ ਸੰਗ ਮਾਣ ਕੇ, ਅਨੰਦ ਪੁਰ ਸਾਹਿਬ ਦੇ ਸ਼ਾਹੀ ਜਾਹੋਜਲਾਲ ਦਾ ਅਨੰਦ ਭੋਗਦਾ ਹੋਇਆ, ਹਜ਼ੂਰ ਸਾਹਿਬ (ਸਾਹਿਬ ਦੇ ਹਜ਼ੂਰ) ਤੱਕ ਪਹੁੰਚਣ ਦਾ ਸਫ਼ਰ ਹੈ। ਇਸ ਸਫ਼ਰ ਦੌਰਾਨ ਕੀ ਕੁਝ ਵਾਪਰਿਆ, ਇਸ ਦੀਆਂ ਕੁਝ ਰਮਜ਼ਾਂ ਹਨ ਕਿਉਂਕਿ ਗੁਰੂ ਦਾ ਪੁੱਟਿਆ ਇੱਕ ਕਦਮ ਵੀ ਬੇਮਾਅਨਾ ਨਹੀਂ ਸੀ। ਇਹ ਸਥਾਈ ਅਤੇ ਅਮਿੱਟ ਪੈੜਾਂ ਹਨ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਦਸੇਰਾ ਹਨ। ਇਹ ਇਲਾਹੀ ਨਦਰ ਦੇ ਪੈਂਡਿਆਂ ਦੀ ਦਾਸਤਾਨ ਹੈ।

2. ਪਹਿਲੀ ਰਮਜ਼ ਤਾਂ ਇਹੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਸ ਜਗ੍ਹਾ ਤੇ ਹੋਇਆ ਜਿਥੇ ਮਹਾਤਮਾ ਬੁੱਧ ਗ੍ਰਿਹਸਤ ਤਿਆਗ ਭਿਖਿਆ ਪਾਤਰ ਫੜ ਅਪਣੇ ਹੀ ਮਹਿਲ ਦੇ ਅੱਗੇ ਮੰਗਤਾ ਬਣ ਕੇ ਖੜਿਆ ਸੀ। ਜਿਥੋਂ ਦਾ ਸਮਰਾਟ ਅਸ਼ੋਕ ਬੁੱਧ ਦੇ ਪ੍ਰਭਾਵ ਅਧੀਨ "ਅਹਿੰਸਾ ਪਰਮੋ ਧਰਮੰ" ਕਹਿ ਕੇ ਤਲਵਾਰ ਗੰਗਾ ਵਿਚ ਸਿੱਟ ਦਿੱਤੀ ਅਤੇ ਦੇਸ਼ ਸਦੀਆਂ ਲਈ ਗੁਲਾਮ ਹੋ ਗਿਆ। ਪਟਨਾ ਸਾਹਿਬ ਵਿਖੇ ਗੁਰੂ ਸਾਹਿਬ ਦਾ ਪ੍ਰਕਾਸ਼ ਹੋਣਾ ਇੱਕ ਦੈਵੀ ਰਹੱਸ ਹੈ।

ਉਸੇ ਗੰਗਾ ਨਦੀ ਵਿਚ ਬਾਲ ਗੋਬਿੰਦ ਨੇ ਅਪਣੇ ਕੀਮਤੀ ਕੰਗਣ ਲਾਹ ਕੇ ਸਿੱਟ ਦਿੱਤੇ ਸਨ। ਕਿਰਪਾਨ ਦੇ ਮੁੱਠੇ ਨੂੰ ਹੱਥ ਪਾ ਲਿਆ ਅਤੇ ਬਾਲ ਸਾਥੀਆਂ ਨਾਲ ਟੋਲੀਆਂ ਬਣਾ ਕੇ ਜੰਗੀ ਅਭਿਆਸ ਦੀਆਂ ਖੇਡਾਂ ਸ਼ੁਰੂ ਕਰ ਦਿੱਤੀਆਂ।

3.ਫਿਰ ਬਾਲ ਗੋਬਿੰਦ ਰਾਇ ਅਨੰਦ ਪੁਰ ਸਾਹਿਬ ਆ ਜਾਂਦੇ ਹਨ। ਨੌਂ ਸਾਲ ਦੀ ਉਮਰ ਵਿੱਚ ਜਨੇਊ ਤੇ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਗੁਰੂ ਪਿਤਾ ਨੂੰ ਸ਼ਹਾਦਤ ਲਈ ਤੋਰ ਕੇ ਸੰਸਾਰ ਵਿੱਚ ਸਭ ਤੋਂ ਪਹਿਲੇ ਮਨੁੱਖੀ ਹੱਕਾਂ ਦੇ ਰਾਖੇ ਬਣੇ। ਅਨੰਦ ਪੁਰ ਸਾਹਿਬ ਦੇ ਸ਼ਾਹੀ ਠਾਠ ਬਾਠ ਨੇ ਦੱਸ ਦਿੱਤਾ ਕਿ ਪਾਤਸ਼ਾਹੀਆਂ ਭੋਗਦਿਆਂ ਵੀ ਨਿਰਲੇਪ ਰਿਹਾ ਜਾ ਸਕਦਾ ਹੈ, ਘਰ ਬਾਰ ਛੱਡਣ ਦੀ ਲੋੜ ਨਹੀਂ ਹੁੰਦੀ। ਗੁਰਸਿੱਖ ਪੂਰੇ ਸ਼ਾਹੀ ਠਾਠ ਨਾਲ ਜਿਉਂ ਸਕਦਾ ਹੈ। ਪਰ ਪਦਾਰਥਾਂ ਦੀ ਪਕੜ ਨਹੀਂ ਹੋਣੀ ਚਾਹੀਦੀ। ਛੱਡਣ ਲੱਗਿਆ ਇਕ ਛਿਣ ਲਈ ਵੀ ਸੋਚਣਾ ਨਾ ਪਵੇ। ਜਦੋਂ ਕੋਈ ਵਿਅਕਤੀ ਜਾਂ ਕੌਮ ਤਰੱਕੀ ਦੀਆਂ ਬੁਲੰਦੀਆਂ ਨੂੰ ਛੂੰਹਦੀ ਹੈ ਤਾਂ ਉਸ ਨੂੰ ਈਰਖਾਲੂਆਂ ਦਾ ਘੇਰਾ ਪੈ ਜਾਂਦਾ ਹੈ।

ਅਜਿਹਾ ਹੀ ਅਨੰਦ ਪੁਰ ਸਾਹਿਬ ਵਿਖੇ ਹੋਇਆ। ਪਹਾੜੀ ਰਾਜਿਆਂ ਨੂੰ ਈਰਖਾ ਸੀ ਕਿ ਇੱਕ ਦਰਵੇਸ਼ ਕੋਲ ਸਾਡੇ ਨਾਲ਼ੋਂ ਵੱਧ ਕੀਮਤੀ ਵਸਤਾਂ ਕਿਉਂ ਹਨ। ਉਨ੍ਹਾਂ ਨੂੰ ਹਥਿਆਉਣ ਲਈ ਉਹ ਹੱਥਕੰਡੇ ਵਰਤਾਉਣ ਲੱਗੇ। ਦੂਜੇ ਪਾਸੇ ਮੁਗਲੀਆ ਹਕੂਮਤ ਦਾ ਹੰਕਾਰ। ਈਰਖਾ ਅਤੇ ਹੰਕਾਰ ਨੇ ਰਲ਼ ਕੇ ਅਨੰਦ ਪੁਰ ਸਾਹਿਬ ਨੂੰ ਘੇਰਾ ਪਾ ਲਿਆ। ਅੱਠ ਮਹੀਨੇ ਘੇਰਾ ਪਾਈ ਰੱਖਿਆ ਪਰ ਹੱਥ ਪੱਲੇ ਕੁਝ ਵੀ ਨਾ ਲੱਗਿਆ।

"ਅਰੜਾਵੈ ਬਿਲਲਾਵੈ ਨਿੰਦਕੁ ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ॥ ਰਹਾਉ॥" 5/373.

ਅਨੰਦ ਪੁਰ ਸਾਹਿਬ ਉਹ ਟਕਸਾਲ ਹੈ ਜਿਥੇ ਸਿੱਖ ਦੇ ਕਿਰਦਾਰ ਨੇ ਘੜਿਆ ਜਾਣਾ ਹੈ। ਇਥੇ ਸਿੱਖਾਂ ਦੀ ਸਿਦਕ ਸਬੂਰੀ ਅਤੇ ਸਬਰ ਸੰਤੋਖ ਦੀ ਪ੍ਰੀਖਿਆ ਵੀ ਹੋ ਰਹੀ ਸੀ।

4.ਅਨੰਦ ਪੁਰ ਸਾਹਿਬ ਤੋਂ ਇੱਕ ਸਿੱਖ ਵਾਸਤੇ ਸੁਨੇਹਾ ਸੀ ਕਿ ਜੇ ਕੋਈ ਗੁਰੂ ਬਾਰੇ ਗ਼ਲਤ ਬੋਲਦਾ ਜਾਂ ਬੇਅਦਬੀ ਕਰਦਾ ਹੈ ਤਾਂ ਉਸ ਦਾ ਗਾਟਾ ਲਾਹ ਦਿਓ। ਪਹਾੜੀ ਰਿਆਸਤ ਜਸਵਾਨ ਦਾ ਰਾਜਾ ਕੇਸਰੀ ਚੰਦ ਗੁਰੂ ਸਾਹਿਬ ਬਾਰੇ ਮੰਦੇ ਬੋਲ ਬੋਲਿਆ ਕਿ ਮੈਂ ਗੁਰੂ ਸਾਹਿਬ ਨੂੰ ਜਿਉਂਦਾ ਜਾਂ ਕਿਵੇਂ ਵੀ ਫੜ ਕੇ ਲਿਆਵਾਂਗਾ। ਤਾਂ ਗੁਰੂ ਜੀ ਦਾ ਸਿੱਖ ਭਾਈ ਉਦੈ ਸਿੰਘ ਨੇ ਉਸ ਦੇ ਹਾਥੀ ਤੇ ਚੜ੍ਹ ਕੇ ਕੇਸਰੀ ਚੰਦ ਦਾ ਸਿਰ ਵੱਢ ਕੇ ਗੁਰੂ ਚਰਨਾਂ ਵਿੱਚ ਲਿਆ ਧਰਿਆ। ਬਚਿੱਤਰ ਸਿੰਘ ਦੀ ਚੋਣ ਵੀ ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ ਕਿਸ ਨੇ ਮਸਤ ਹਾਥੀ ਦੇ ਮੱਥੇ ਤੇ ਨਾਗਣੀ ਮਾਰ ਕੇ ਉਸ ਦਾ ਸਿਰ ਪਾੜ ਦਿੰਦਾ।

5.ਪੰਜਾਂ ਪਿਆਰਿਆ ਦੀ ਚੋਣ ਵੀ ਇੱਕ ਤਲਿਸਮੀ ਕਾਰਨਾਮਾਂ ਸੀ। ਗੁਰੂ ਨਾਨਕ ਜੀ ਤੋਂ ਹੀ ਇਹ ਭਾਲ ਜਾਰੀ ਸੀ। ਜਦੋਂ ਸਿੱਧਾਂ ਨੇ ਗੁਰੂ ਜੀ ਨੂੰ ਪੁੱਛਿਆ : "ਕਿਸੁ ਕਾਰਣਿ ਗ੍ਰਿਹ ਤਜਿਓ ਉਦਾਸੀ॥ ਕਿਸੁ ਕਾਰਣਿ ਇਹੁ ਭੇਖ ਨਿਵਾਸੀ॥" ਗੁਰੂ ਜੀ ਕਿਹਾ:

"ਗੁਰਮੁਖਿ ਖੋਜਤ ਭਏ ਉਦਾਸੀ॥ ਦਰਸਨ ਕੈ ਤਾਈ ਭੇਖ ਨਿਵਾਸੀ॥" 1699 ਦੀ ਵਿਸਾਖੀ ਨੂੰ ਇਹ ਭਾਲ ਮੁਕੰਮਲ ਹੋਈ। ਇਹ ਉਹ ਪੰਜ ਗੁਰਮੁਖ ਪਿਆਰੇ ਚੁਣੇ ਗਏ ਜਿਨ੍ਹਾਂ ਨੇ ਪਹਿਲਾਂ ਮਰਨਾ ਕਬੂਲਿਆ।

"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥" 5/301.

ਗੁਰੂ ਗੋਬਿੰਦ ਸਿੰਘ ਜੀ ਨੇ ਪੂਰੇ ਦੇਸ਼ ਵਿੱਚ ਸੱਦੇ ਭੇਜ ਕੇ ਲੋਕਾਂ ਨੂੰ ਇਕੱਠੇ ਕੀਤਾ। ਫਿਰ ਉਨ੍ਹਾਂ ਦੇ ਵਿਚੋਂ ਪੰਜ ਪਿਆਰਿਆਂ ਨੂੰ ਚੁਣਿਆ, ਜੋ ਵੱਖੋ ਵੱਖ ਇਲਾਕਿਆਂ, ਬੋਲੀਆਂ, ਸੱਭਿਆਚਾਰਾਂ ਅਤੇ ਜਾਤਾਂ ਵਿਚੋਂ ਸਨ। ਇਸ ਤਰ੍ਹਾਂ ਗੁਰੂ ਸਾਹਿਬ ਨੇ ਪੂਰੀ ਮਨੁੱਖਤਾ ਨੂੰ ਅਪਣੇ ਕਲਾਵੇ ਵਿੱਚ ਲੈ ਲਿਆ। ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਗਰੀਬ ਅਤੇ ਲਿਤਾੜੇ ਹੋਏ ਲੋਕਾਂ ਨੂੰ ਪਾਤਸ਼ਾਹੀਆਂ ਬਖਸ਼ੀਆਂ। ਜੋ ਕਹਿੰਦੇ ਸਨ : "ਕਾਂਮ ਹਮਾਰਾ ਤੋਲਣ ਤੱਕੜੀ, ਨੰਗੀਂ ਕਰਦ ਕਦੇ ਨਾ ਪਕੜੀ। ਚਿੜੀ ਉਡੇ ਸੇ ਹਮ ਡਰ ਜਾਏਂ, ਮੁਗਲੋਂ ਸੇ ਕੈਸੇ ਲੜ ਪਾਏਂ॥"

ਗੁਰੂ ਸਾਹਿਬ ਨੇ ਆਪਣੇ ਬੋਲਾਂ ਨੂੰ ਪ੍ਰਤੱਖ ਕਰ ਦਿਖਾਇਆ ਜਦੋਂ ਕਿਹਾ ਸੀ "

"ਇਨ ਗਰੀਬ ਸਿਖਨ ਕੋ ਦੇਉਂ ਪਾਤਿਸ਼ਾਹੀ॥
ਯਹ ਯਾਦ ਰਖੇਂ ਹਮਰੀ ਗੁਰਿਆਈ॥"

# ਬਾਬਾ ਬੰਦਾ ਸਿੰਘ ਬਹਾਦਰ: ਵਿਸ਼ਵ ਵਿਚ ਜਗੀਰਦਾਰੀ ਖਤਮ ਕਰਨ ਵਾਲਾ ਪਹਿਲਾ ਰਾਜਾ

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)

## ਪਿਛੋਕੜ:

ਪੰਜਾਬ (ਤੇ ਸਾਰੇ ਵਿਸ਼ਵ) ਦੀ ਸਭ ਤੋਂ ਅਹਿਮ ਕੇਂਦਰੀ ਤਾਕਤ ਜਮੀਨ ਹੈ। ਇਸਦੀ ਕਾਣੀ ਵੰਡ ਸਮਾਜ ਨੂੰ ਜਮਾਤਾਂ ਵਿਚ ਵੰਡਦੀ ਹੈ। ਪੁਰਾਣੇਂ ਜਮਾਨੇ ਵਿਚ ਜਮੀਨ ਸਰਕਾਰ ਦੀ ਸਮਝੀ ਜਾਂਦੀ ਸੀ ਤੇ ਕਿਸਾਨ ਸਰਕਾਰ ਨੂੰ ਮਾਮਲਾ (ਪੈਦਾਵਾਰ ਦਾ ਹਿੱਸਾ ਜਾ ਪੈਸੇ) ਦੇਂਦੇ ਸਨ। ਪੰਜਾਬ ਵਿਚ ਜਗੀਰਦਾਰ ਸਰਕਾਰੀ ਅਧਿਕਾਰੀ ਸਨ ਜਿਨ੍ਹਾਂ ਨੂੰ ਬਾਦਸ਼ਾਹ ਵਲੋਂ ਮਾਲੀਆ ਇਕੱਤਰ ਕਰਨ ਦੀ ਜੁਮੇਵਾਰੀ ਸੌਂਪੀ ਸੀ। ਵਕਤ ਨਾਲ ਉਹ ਜਮੀਨ ਦੇ ਮਾਲਕ ਬਣ ਗਏ ਅਤੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਮੁਜਾਰੇ ਬਣਾ ਲਿਆ। ਪੈਦਾਵਾਰ ਦਾ ਵੱਡਾ ਹਿਸਾ ਜਗੀਰਦਾਰ ਲੈਂਦੇ ਸਨ ਅਤੇ ਮੁਜਾਰੇ ਗਰੀਬ ਗੁਲਾਮਾਂ ਵਰਗੇ ਬਣ ਗਏ। ਜਗੀਰਦਾਰਾਂ ਨੂੰ ਖੁੱਲ੍ਹ ਹੁੰਦੀ ਸੀ ਕਿਉਂਕਿ ਉਹ ਸ਼ਾਹੀ ਖਜਾਨੇ ਦੀਆਂ ਲੋੜਾ ਪੂਰੀਆਂ ਕਰਦੇ ਸਨ।

## ਜਗੀਰਦਾਰੀ ਦਾ ਖਾਤਮਾ:

ਬਾਬਾ ਬੰਦਾ ਸਿੰਘ ਬਹਾਦਰ ਨੇ 14 ਮਈ 1710 ਸਰਹਿੰਦ ਤੇ ਕਬਜਾ ਕਰ ਲਿਆ। ਬਾਜ ਸਿੰਘ ਨੂੰ ਸਰਹਿੰਦ ਤੇ ਰਾਜ ਕਰਨ ਲਈ ਨਿਯੁਕਤ ਕੀਤਾ। ਖੋਜਕਾਰ ਮੱਲ ਸਿੰਘ ਨੇ ਲਿਖਿਆ ਹੈ ਕਿ ਸਢੌਰਾ ਤੋਂ ਕਿਸਾਨ ਬਾਬਾ ਬੰਦਾ ਸਿੰਘ ਕੋਲ ਜਗੀਰਦਾਰਾਂ ਦੇ ਖਿਲਾਫ ਸ਼ਕਾਇਤ ਲੈ ਕੇ ਆਏ। ਪਹਿਲਾਂ ਉਸ ਨੇਂ ਬਾਜ ਸਿੰਘ ਨੂੰ ਆਖਿਆਂ ਕਿ ਇਨ੍ਹਾਂ ਉਪਰ ਗੋਲੀ ਚਲਾ ਦਿਓ ਤੇ ਕਿਹਾ ਕਿ ਇਹ ਹਜਾਰਾਂ ਮੁਜਾਰੇ ਮੁੱਠੀ ਭਰ ਜਗੀਰਦਾਰਾਂ ਨੂੰ ਜੁਲਮ ਕਰਨ ਕਿਉਂ ਦਿੰਦੇ ਹਨ। ਬਾਅਦ ਵਿਚ ਪਿੰਡਾਂ ਦੀ ਜਮੀਨ ਬਾਰੇ ਕੁਝ ਹੁਕਮ ਜਾਰੀ ਕਰ ਦਿਤੇ।



1. ਜਮੀਨ ਨਿੱਜੀ ਮਾਲਕੀ ਨਾ ਹੋ ਕੇ ਸਾਰੇ ਪਿੰਡ ਦੀ ਸਾਂਝੀ ਮਲਕੀਅਤ ਹੋਵੇਗੀ।
2. ਸੰਗਤ ਗੁਰੂ ਦੀ ਸਿੱਖਿਆ ਅਨੁਸਾਰ 'ਕਿਰਤ ਕਰੋ ਵੰਡ ਛਕੋ' ਦੇ ਰਾਹ ਤੁਰੇ।
3. ਪਿੰਡਾਂ ਵਿਚ ਹਰ ਰੋਜ ਸਂਝੇ ਲੰਗਰ ਚਲਾਏ ਜਾਣ ਤੇ ਕੋਈ ਪ੍ਰਾਣੀ ਭੁੱਖਾ ਨ ਸੌਂਵੇਂ।
4. ਨਿੱਜੀ ਤੇ ਸਮਾਜਿਕ ਕਾਰਜ ਗੁਰੂ ਘਰਾਂ ਦੇ ਪ੍ਰਬੰਧ ਵਿਚੋਂ ਹੀ ਪੂਰੇ ਹੋਣ।

ਬੰਦਾ ਸਿੰਘ ਬਹਾਦਰ ਨੇ ਐਲਾਨ ਕਰਵਾਇਆ ਕਿ ਕੁਦਰਤ ਦੀ ਬਖਸ਼ੀ ਜਮੀਨ ਅਕਾਲ ਪੁਰਖ ਦੀ ਸਾਜੀ ਹੋਈ ਲੋਕਾਈ ਅਤੇ ਗੁਰੂ ਕੇ ਖਾਲਸੇ ਦੀ ਹੈ। ਇਸ ਨਾਲ ਕਾਣੀ ਵੰਡ ਦਾ ਭੋਗ ਪੈ ਗਿਆ। ਗੁਰੂ ਕੇ ਲੰਗਰ ਤੇ ਸੇਵਾ ਦਾ ਘੇਰਾ ਵਧ ਕੇ ਸਭ ਲਈ ਹੋ ਗਿਆ। ਲਾਗੂ ਕਰਨ ਵਾਲੇ ਸੈਨਿਕ ਕਿਰਤੀ ਸਨ, ਜਿਨ੍ਹਾਂ ਨੂੰ ਨੀਚ ਜਾਤੀਆਂ ਦੇ ਸਮਝਿਆ ਜਾਂਦਾ ਸੀ। ਬੰਦਾ ਸਿੰਘ ਨੇ ਕੁਦਰਤ ਦੇ ਨਿਯਮਾਂ ਨੂੰ ਸਮਝ ਕੇ ਜਮੀਨ ਨੂੰ ਸਾਂਝੀ ਮਲਕਅਿਤ ਬਣਾਇਆ। ਕੁਦਰਤ ਨੇ ਹਰ ਪ੍ਰਾਣੀ ਲਈ ਪਹਿਲਾਂ ਖੁਰਾਕ ਦਾ ਪ੍ਰਬੰਧ ਕੀਤਾ ਹੈ।ਇਸ ਲਈ ਜਮੀਨ ਦਾ ਸਾਂਝਾ ਹੱਕ ਕੁਦਰਤੀ ਹੈ।

ਸੰਤ ਕਬੀਰ ਜੀ ਨੇ ਸਾਧਨ ਹੜੱਪਣ ਵਾਲਿਆਂ ਨੂੰ ਧਰਤੀ ਤੇ ਭਾਰ ਹੋਣ ਤੇ ਇਨ੍ਹਾਂ ਤਸਕਰਾਂ ਦਾ ਭਾਰ ਲਾਹੁਣ ਲਈ ਕਿਹਾ ਸੀ। ਬਾਬਾ ਬੰਦਾ ਸਿੰਘ ਨੇ ਕਬੀਰ ਜੀ ਦੇ ਹੁਕਮਾਂ ਨੂੰ ਅਮਲੀ ਰੂਪ ਦਿਤਾ। ਮੈਕਲਿਉਡ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮੌਤ ਤੋਂ ਤੁਰੰਤ ਬਾਅਦ ਪੰਜਾਬ ਵਿਚ ਇਕ ਕਿਸਾਨੀ ਵਿਦਰੋਹ ਉਠਿਆ ਜਿਸ ਦੀ ਅਗਵਾਈ ਬਾਬਾ ਬੰਦਾ ਸਿੰਘ ਨੇ ਕੀਤੀ। ਇਸ ਕਾਰਨ ਪੰਜਾਬ ਵਿਚ ਮੁਗਲ ਰਾਜ ਖਤਮ ਹੋ ਗਿਆ। ਕਨਿੰਘਮ ਅਨੁਸਾਰ ਬਾਬਾ ਬੰਦਾ ਸਿੰਘ ਨੇ ਉੱਤਰ ਦੀਆਂ ਪਹਾੜੀਆਂ ਵਿੱਚ ਜੰਮੂ ਲਾਗੇ ਆਪਣੇ ਆਪ ਨੂੰ ਸਥਾਪਤ ਕਰ ਲਿਆ ਸੀ। ਉਸ ਸਮੇਂ ਪੰਜਾਬ ਦਾ ਵੱਡਾ ਹਿਸਾ ਉਸਨੂੰ ਲਗਾਨ ਭਰਦਾ ਸੀ। ਇਸ ਤਰਾਂ ਸਿੱਖ ਸਲਤਨਤ ਉਸ ਵੇਲੇ ਹੋਂਦ ਵਿਚ ਆਈ ਸੀ। ਬਾਬਾ ਬੰਦਾ ਸਿੰਘ ਦੀ ਵਰਗ-ਵਿਭਾਜਤ ਸਮਾਜ ਦੇ ਇਤਿਹਾਸ ਵਿਚ ਇਹ ਵਿਸ਼ਵੀ ਮਹੱਤਤਾ ਵਾਲੀ ਘਟਨਾ ਨੇ ਨਵੇਂ ਕੀਰਤੀਮਾਨ ਸਿਰਜੇ ਸਨ।

### ਜਮੀਨ ਮਾਲਕੀ ਦਾ ਬਦਲਿਆ ਰੂਪ:

ਜਗੀਰਦਾਰੀ ਵਿਰੁੱਧ ਐਲਾਨ ਨੇ ਜਗੀਰਦਾਰਾਂ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਮੁਗਲਾਂ ਦੀ ਚਿੰਤਾ ਇਹ ਬਣ ਗਈ ਕਿ ਉਹ ਇਸ ਜਨਤਕ ਉਭਾਰ ਤੇ ਇਕਜੁਟਤਾ ਨੂੰ ਭੰਗ ਕਿਵੇਂ ਕਰਣ। ਸਦੀਆਂ ਦੀ ਵਿਵਸਥਾ ਆਪਣਾਂ ਰੰਗ ਦਿਖਾਇਆ। ਸਾਰੇ ਜਗੀਰਦਾਰਾਂ ਨੇ ਕਲਾਨੌਰ ਵਿਚ ਇਕੱਠ ਹੋ ਕੇ ਕਸਮਾਂ ਖਾਧੀਆਂ ਕਿਬਾਬਾ ਬੰਦਾ ਸਿੰਘ ਨੂੰ ਖਤਮ ਕਰਕੇ ਹੀ ਦਮ ਲੈਣਗੇ। ਇਨ੍ਹਾਂ ਦਾ ਇਲਾਕਾ ਰਾਜਸਥਾਨ ਤੋਂ ਜਮੂੰ-ਕਸ਼ਮੀਰ ਅਤੇ ਪਹਾੜੀ ਰਿਆਸਤਾਂ ਤੱਕ ਫੈਲਿਆ ਸੀ। ਮੁਗਲ ਹਕੂਮਤ ਨੇ ਇਨ੍ਹਾਂ ਨੂੰ ਸੁਰੱਖਿਆ ਦੇ ਵਾਅਦੇ ਅਤੇ ਲਾਲਚ ਦੇ ਕੇ ਇਸ ਜੰਗ ਲਈ ਤਿਆਰ ਕੀਤਾ।

ਇਸ ਤਰਾਂ ਕਿਸਾਨਾਂ ਦੀ ਜਗੀਰਦਾਰਾਂ ਨਾਲ ਸਿੱਧੀ ਟੱਕਰ ਹੋ ਗਈ। ਇੱਕ ਪਾਸੇ ਹਾਕਮ, ਜਗੀਰਦਾਰ ਤੇ ਅਹਿਲਕਾਰ ਅਤੇ ਦੂਜੇ ਪਾਸੇ ਭਾਰਤੀ ਸਮਾਜਿਕ ਅਨੁਸਾਰ ਨੀਚ ਹਲਵਾਹਕ ਸਨ। ਆਖਿਰਕਾਰ ਮੁਗਲਾਂ, ਰਜਵਾੜਿਆਂ, ਜਗੀਰਦਾਰਾਂ ਨੂੰ ਸਫਲਤਾ ਮਿਲੀ। ਪੰਥ ਵਿੱਚ ਦੁਫੇੜ ਪੈ ਗਈ। ਕੁਝ ਜਰਨੈਲਾਂ ਨੇਂ ਆਰਥਿਕ ਵੰਡ ਦੇ ਅਧਾਰ ਅਤੇ ਨਿੱਜੀ ਜਾਇਦਾਦਾਂ ਦੀ ਲਾਲਸਾ ਵਿਚ ਵਫਾਦਾਰੀਆਂ ਬਦਲ ਲਈਆਂ। ਮੁਗਲ ਸਰਕਾਰ ਨਾਲ ਸਮਝੌਤੇ ਦੇ ਸਿੱਟੇ ਵਜੋਂ ਬਾਬਾ ਬਿਨੋਦ ਸਿੰਘ ਤੇ ਕਾਹਨ ਸਿੰਘ (ਜੋ ਬੰਦਾ ਸਿੰਘ ਤੋਂ ਬਾਅਦ ਪੰਥ ਦੇ ਸਭ ਤੋਂ ਵੱਡੇ ਜਰਨੈਲ ਸਨ) ਨੇ ਜਮੀਨ ਹਲਵਾਹਕਾਂ ਦੀ ਸਾਂਝੀ ਮਾਲਕੀ ਦੀ ਥਾਂ ਤੇ ਇਹ ਐਲਾਨ ਕੀਤੇ ਸਨ:

1. ਵਪਾਰ ਕਰਨ ਵਾਲੇ ਵਪਾਰ ਕਰਨ।
2. ਖੇਤੀ ਕਰਨ ਵਾਲੇ ਖੇਤੀ ਕਰਨ।
3. ਨੌਕਰੀ ਕਰਨ ਵਾਲੇ ਨੌਕਰੀ ਕਰਨ।
4. ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਬਿਨੋਦ ਸਿੰਘ ਦੇ ਧੜੇ ਤੱਤ ਖਾਲਸੇ ਪਾਸ ਹੋਵੇਗਾ।

ਲੇਖਕ ਦਸਦਾ ਹੈ ਕਿ ਸਮਝੌਤਾ ਕਰਨ ਵੇਲੇ ਬਾਬਾ ਬਿਨੋਦ ਸਿੰਘ ਨਾਲ ਮੁਜਾਰਿਆਂ ਦਾ ਕੋਈ ਨੁਮਾਇੰਦਾ ਨਹੀਂ ਸੀ। ਜਮੀਨ ਸਾਰੇ ਭਾਈਚਾਰੇ ਦੀ ਸਾਂਝੀ ਮਲਕੀਅਤ ਦੇ ਉਲਟ ਕਿਸਾਨਾਂ ਤੇ ਜਗਰਿਦਾਰਾ ਨੂੰ ਨਿਜੀ ਮਲਕੀਅਤ ਦੇਣ ਨਾਲ ਜਮੀਨ ਉੱਤੇ ਪਿੰਡ ਦੇ ਸਮੁੱਚੇ ਭਾਈਚਾਰੇ ਦੇ ਹਕ ਦਾ ਭੋਗ ਪੈ ਗਿਆ। ਗਿਆਨੀ ਗਿਆਨ ਦੇ ਹਵਾਲੇ ਨਾਲ ਇਹ ਵੀ ਕਿਹਾ ਗਿਆ ਹੈ ਕਿ ਸਰਕਾਰ ਨੇ ਕਿਹਾ ਕਿ 'ਬੁੱਢੇ-ਬੁੱਢੇ ਸਿੰਘ ਜਗੀਰਾਂ ਛਕੋ ਤੇ ਜਵਾਨ-ਜਵਾਨ ਨੌਕਰੀ ਕਰ ਲਓ' ਆਦਿ।

ਹੌਲੀ-ਹੌਲੀ ਮੁਸਲਿਮ, ਰਾਜਪੂਤ, ਅਤੇ ਸਥਾਨਕ ਮੁਖੀਆਂ ਨੇ ਧੱਕੇਸ਼ਾਹੀ ਰਾਹੀਂ ਜਿਆਦਾ ਜਮੀਨ ਤੇ ਕਬਜਾ ਕਰ ਲਿਆ। ਕੁਝ ਦਹਾਕਿਆਂ ਵਿੱਚ ਜੱਟ ਸਿੱਖ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲੱਗੇ ਕਿਉਂਕਿ ਮਿਸਲਾਂ ਨੇ ਸ਼ਕਤੀ ਕੇਂਦਰਿਤ ਕੀਤੀ। ਇਨ੍ਹਾਂ ਮੁਖੀਆਂ ਨੇ ਮਿਸਲ ਸਰਦਾਰਾਂ ਨੂੰ ਮਾਮਲਾ ਦਿੱਤਾ। ਜ਼ਿਆਦਾ ਹਿੰਦੂ ਅਤੇ ਸਿੱਖ ਜੱਟ ਸਹਿਯੋਗੀ ਸਨ, ਇਸ ਲਈ ਉਹ ਬਿਨਾਂ ਕਿਸੇ ਵਿਰੋਧ ਦੇ ਮਿਸਲਾਂ ਦੇ ਅਧੀਨ ਹੋ ਗਏ।।

## ਕੁਝ ਵਿਚਾਰ ਅਤੇ ਇਤਹਾਸ:

ਬੰਦਾ ਸਿੰਘ ਬਹਾਦਰ ਨੇਂ ਹਲਵਾਹਕਾਂ ਨੂੰ ਆਪਣੀ ਜਮੀਨ ਤੇ ਓਸਦੀ ਉਪਜ ਦੇ ਮਾਲਕ ਬਣਾ ਕੇ ਜਗੀਰਦਾਰਾਂ, ਜੋ ਫਸਲਾਂ ਦਾ ਵੱਡਾ ਹਿਸਾ ਲੈ ਜਾਂਦੇ ਸਨ, ਤੋਂ ਨਿਜਾਤ ਦਵਾਈ। ਇਹ ਬਾਬਾ ਬੰਦਾ ਸਿੰਘ ਦਾ ਸਿੱਖ ਧਰਮ ਦੇ ਸਾਂਝੀਵਾਲਤਾ ਵਾਲੀ ਸੋਚ ਵੱਲ ਵੱਡਾ ਉਦਮ ਸੀ। ਡਾ. ਗੰਡਾ ਸਿੰਘ ਇਸ ਨੂੰ ਬੰਦਾ ਸਿੰਘ ਬਹਾਦਰ ਦੀਆਂ ਪ੍ਰਾਪਤੀਆਂ ਵਿਚੋਂ ਇੱਕ ਮੰਨਦੇ ਹਨ। ਭਾਵੇਂ ਇਹ ਛੇਤੀ ਹੀ ਬਦਲ ਦਿਤਾ ਗਿਆ। ਪਰ ਫੇਰ ਵੀ ਜਗੀਰਦਾਰੀ ਖਤਮ ਕਰਨ ਤੋਂ ਬਾਅਦ ਜਗੀਰਦਾਰੀ ਪਹਿਲੀ ਸ਼ਕਲ ਵਿਚ ਪੂਰੀ ਤਰਾਂ ਦੁਬਾਰਾ ਬਹਾਲ ਨਾ ਹੋ ਸਕੀ। ਸਰਕਾਰ ਦੀ ਥਾਂ ਤੇ ਜਮੀਨ ਹਲਵਾਹਕਾਂ (ਕੁਝ ਪਹਿਲੇ ਜਗੀਰਦਾਰਾਂ ਤੇ ਮੁਜਾਰਿਆਂ) ਦੀ ਨਿਜੀ ਮਲਕੀਅਤ ਬਣ ਗਈ, ਜੋ ਸਰਕਾਰ ਨੂੰ ਮਾਮਲਾ ਦਿੰਦੇ ਸਨ। ਕੁਝ ਸਾਲ ਪਹਿਲਾਂ ਤਕ ਪੰਜਾਬ ਵਿਚ ਜਮੀਨ ਦੇ ਮਾਲਕਾਂ ਕੋਲੋਂ ਪਿੰਡ ਦਾ ਨੰਬਰਦਾਰ ਮਾਮਲਾ ਇਕੱਠਾ ਕਰਕੇ ਪੰਜਾਬ ਸਰਕਾਰ ਨੂੰ ਦੇਂਦਾ ਸੀ, ਜੋ ਕਿ ਹੁਣ ਨਹੀ ਹੋ ਰਿਹਾ। ਇਸ ਤਰ੍ਹਾਂ ਪਹਿਲੀ ਵਾਰ ਜਗੀਰਦਾਰੀ ਖਤਮ ਕਰਨ ਦੀ ਸ਼ੁਰੂਆਤ ਹੋਈ।

ਇਸਨੂੰ 'ਪੰਜਾਬ ਕਮਿਊਨ' ਕਿਹਾ ਜਾ ਸਕਦਾ ਹੈ, ਜੋ 'ਫਰਾਂਸ ਕਮਿਊਨ' ਤੋਂ ਤਕਰੀਬਨ 200 ਸਾਲ ਪਹਿਲਾਂ ਵਾਪਰਿਆ ਸੀ। ਬਾਬਾ ਬੰਦਾ ਸਿੱਘ ਪੰਜਾਬ ਦੇ ਹੀ ਨਹੀ, ਸਮੁਚੇ ਮਾਨਵੀ ਇਤਿਹਾਸ ਦੀ ਵਿਲੱਖਣ ਹਸਤੀ ਸਨ। ਉਨ੍ਹਾਂ ਦੀ ਖੇਤੀ ਤੇ ਖੁਰਾਕ ਨੀਤੀ ਦਾ ਸੰਘਰਸ਼ ਗੁਰੂ ਸਾਹਿਬਾਨਾਂ ਦੇ ਸਮਾਜ ਨੂੰ ਮਾਨਵਤਾ ਦੀਆਂ ਨੀਹਾਂ ਤੇ ਉਸਾਰਣ ਦੇ ਫਲਸਫੇ ਦਾ ਸਾਕਾਰ ਰੂਪ ਸੀ। ਇਸੇ ਤਰ੍ਹਾਂ ਅਜ ਜਮੀਨ ਤੇ ਮਨੁੱਖ ਦੇ ਕੁਦਰਤੀ ਰਿਸ਼ਤੇ ਪਵਿਤਰ ਰੱਖਣ ਲਈ ਸੁਚੇਤ ਲੋਕ ਕਹਿੰਦੇ ਹਨ ਕਿ ਜਮੀਨ ਤੇ ਮਨੁੱਖ ਕਿਸੇ ਦੀ ਨਿੱਜੀ ਮਾਲਕੀ ਨਹੀਂ, ਸਗੋਂ ਇਹ ਇੱਕ ਦੂਜੇ ਦੇ ਮਾਲਕ ਹਨ।

## ਸਾਰਅੰਸ਼:

ਪਹਿਲਾਂ ਜਮੀਨ ਸਰਕਾਰ ਦੀ ਮਲਕੀਅਤ ਹੁੰਦੀ ਸੀ, ਤੇ ਅਹਿਲਕਾਰ ਸਰਕਾਰ ਲਈ ਹਲਵਾਹਕਾਂ ਤੋਂ ਮਾਮਲਾ ਇਕੱਠਾ ਕਰਦੇ ਸਨ। ਫਿਰ ਅਹਿਲਕਾਰ ਜਮੀਨਾਂ ਦੇ ਮਾਲਕ ਬਣ ਗਏ ਤੇ ਹਲਵਾਹਕਾਂ ਨੂੰ ਮਜਾਰੇ ਬਣਾ ਕੇ ਮਾਮਲੇ ਵਿਚੋਂ ਕੁਝ ਹਿਸਾ ਸਰਕਾਰ ਨੂੰ ਦੇਣ ਲੱਗ ਪਏ। ਬਾਬਾ ਬੰਦਾ ਸਿੰਘ ਬਹਾਦਰ ਨੇਂ ਜਮੀਨ ਪਿੰਡ ਦੀ ਸਰਬ ਸਾਂਝੀ ਮਾਲਕੀ ਬਣਾਂ ਦਿਤੀ ਸੀ। ਬਿਨੋਦ ਸਿੰਘ ਆਦਿ ਦੇ ਜਿਮੀਦਾਰਾਂ ਤੇ ਸਰਕਾਰ ਨਾਲ ਸਮਝੌਤੇ ਕਾਰਨ ਹਲਵਾਹਕ ਜਮੀਨਾਂ ਦੇ ਮਾਲਕ ਬਣ ਗਏ, ਜਿਹੜਾਂ ਕਿਸੇ ਨਾ ਕਿਸੇ ਤਰੀਕੇ ਅਨੁਸਾਰ ਹੁਣ ਤਕ ਚੱਲ ਰਿਹਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਜਗੀਰਦਾਰੀ ਵਿਰੁਧ ਮੁਹਿਮ ਸਾਂਝੀਵਾਲਤਾ, ਸਮਾਨਤਾ ਅਤੇ ਮਾਨਵਤਾ ਵੱਲ ਅਲੋਕਾਰ ਛਾਲ ਸੀ। ਵਿਸ਼ਵ ਵਿੱਚ ਪਹਿਲੀ ਵਾਰ ਜਮੀਨ ਤੋਂ ਜਗੀਰਦਾਰਾਂ ਦਾ ਕਬਜਾ ਤੋੜਨ ਦਾ ਐਲਾਨ ਪੰਜਾਬ ਦੀ ਧਰਤੀ ਤੇ ਹੋਇਆ ਸੀ।

## ਖੇਤੀਬਾੜੀ ਦੀ ਤਰੱਕੀ ਦੇ ਜੁਮੇਵਾਰ ਪੰਜਾਬੀ ਵਗਿਆਨੀ ਤੇ ਮਾਹਰ : ਭਾਗ – 8

## ਡਾ. ਸਰਦਾਰ ਗੁਰਚਰਨ ਸਿੰਘ ਕਾਲਕਟ (17 ਜੂਨ 1926–27 ਜਨਵਰੀ 2018)



ਹੁਸ਼ਿਆਰਪੁਰ ਦੇ ਪਿੰਡ ਸਹੋਰਾ ਵਿੱਚ ਜਨਮੇ ਡਾ. ਕਾਲਕਟ ਨੇ 1947 ਵਿਚ ਪੰਜਾਬ ਖੇਤੀਬਾੜੀ ਕਾਲਜ, ਲਾਇਲਪੁਰ, ਤੋਂ ਬੀ.ਐਸ.ਸੀ. ਅਤੇ 1956 ਵਿਚ ਪੰਜਾਬ ਯੂਨੀਵਰਸਿਟੀ, ਸੋਲਨ ਤੋਂ ਐਮ.ਐਸ.ਸੀ. (ਖੇਤੀਬਾੜੀ) ਕੀਤੀ। ਓਹੀਓ ਸਟੇਟ ਯੂਨੀਵਰਸਿਟੀ ਤੋਂ ਕੀਟ ਵਿਗਿਆਨ ਵਿੱਚ ਪੀ.ਐਚ.ਡੀ. ਕਰਨ ਵੇਲੇ (1958) ਉਨ੍ਹਾਂ ਨੂੰ "ਡਿਸਟਿੰਗੁਇਸ਼ਡ ਇੰਟਰਨੈਸ਼ਨਲ ਸਟੂਡੈਂਟ ਅਵਾਰਡ" ਮਿਲਿਆ। ਪਹਿਲੀ ਨੌਕਰੀ (1958) ਲੈਂਡ ਰਿਕਲੇਮੇਸ਼ਨ ਸੈਂਟਰ, ਲਾਡੋਵਾਲ, ਲੁਧਿਆਣਾ, ਵਿੱਚ ਖੇਤੀਬਾੜੀ ਸਹਾਇਕ ਵਜੋਂ ਸੀ। ਭਾਰਤ ਸਰਕਾਰ ਦੁਆਰਾ ਕੀਟ ਵਿਗਿਆਨੀ ਵਜੋਂ ਚੁਣਿਆ ਗਿਆ ਸੀ, ਪਰ ਉਨ੍ਹਾਂ ਨੇ ਪੰਜਾਬ ਨਾਲ ਜੁੜੇ ਰਹਿਣਾਂ ਪਸੰਦ ਕੀਤਾ। 1960 ਵਿੱਚ ਡਿਪਟੀ ਨਿਰਦੇਸ਼ਕ, ਖੇਤੀਬਾੜੀ, ਪੰਜਾਬ ਵੇਲੇ ਐਫ.ਏ.ਓ. ਵਿਚ ਅਹੁਦੇ ਦੀ ਪੇਸ਼ਕਸ਼ ਹੋਣ ਤੇ ਪੰਜਾਬ ਰਾਜ ਸਰਕਾਰ ਨੇਂ ਡਾ. ਕਾਲਕਟ ਨੂੰ ਗਿਆਰਾਂ ਐਡਵਾਂਸ ਵਾਧਿਆਂ ਦੀ ਪੇਸ਼ਕਸ਼ ਕੀਤੀ, ਜੋ ਅਜਿਹੀ ਹੁਣ ਤੱਕ ਦੀ ਸਭ ਤੋਂ ਦੁਰਲੱਭ ਮਿਸਾਲ ਹੈ। 1967 ਵਿੱਚ ਉਹ ਪੰਜਾਬ ਖੇਤੀਬਾੜੀ ਵਿਭਾਗ ਦੇ ਸੰਯੁਕਤ ਨਿਰਦੇਸ਼ਕ ਅਤੇ 1971 ਵਿੱਚ ਪੰਜਾਬ ਦੇ ਨਿਰਦੇਸ਼ਕ ਬਣੇ। ਉਹ ਫੀਲਡ ਸਟਾਫ ਨਾਲ ਸਲਾਹ ਕਰਕੇ ਕਿਸਾਨਾ ਨੂੰ ਲਾਭਦਾਇਕ ਜਾਣਕਾਰੀ ਪ੍ਰਦਾਨ ਕਰਦੇ ਰਹਿੰਦੇ ਸਨ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀਬਾੜੀ ਵਿਭਾਗ ਦੇ ਤਾਲਮੇਲ ਨਾਲ ਕਿਸਾਨਾਂ ਨੂੰ ਵਿਗਿਆਨਕ ਅਤੇ ਤਕਨੀਕੀ ਜਾਣਕਾਰੀ ਨੂੰ ਯਕੀਨੀ ਬਣਾਇਆ।

ਉਨਾਂ ਪੰਜਾਬ ਵਿਚ ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨ ਅਤੇ ਖੇਤਰੀ ਪੱਧਰ ਦੇ ਸਹਿਕਾਰੀ ਸਭਾਵਾਂ ਨਾਲ ਤਾਲਮੇਲ ਸਥਾਪਤ ਕੀਤਾ, ਤਾਂ ਜੋ ਖੇਤੀਬਾੜੀ ਉਪਜ ਸਮੇਂ ਸਿਰ ਚੁਕੀ ਜਾ ਸਕੇ ਅਤੇ ਕਿਸਾਨਾਂ ਨੂੰ ਜ਼ਰੂਰੀ ਕਰਜ਼ਾ ਮਿਲ ਸਕੇ। ਉਨ੍ਹਾਂ ਨੇ ਭੂਮੀਗਤ ਪਾਣੀ ਦੇ ਵਿਕਾਸ ਦੁਆਰਾ ਸਿੰਚਾਈ ਵਧਾਉਣ ਲਈ ਠੋਸ ਯਤਨ ਕੀਤੇ। ਮੁੱਖ ਜ਼ੋਰ ਉਤਪਾਦਕਤਾ ਵਿੱਚ ਵਾਧਾ ਅਤੇ ਉਸ ਦੀ ਲਾਗਤ ਵਿੱਚ ਕਮੀ ਰਿਹਾ। ਇਸ ਕਰ ਕੇ ਭਾਰਤ ਸਰਕਾਰ ਨੇ ਸੂਬਿਆਂ ਵਿੱਚ ਫੰਡ ਵੰਡਣ ਦੀ ਬਜਾਏ ਪੰਜਾਬ ਵੱਲ ਮੋੜਨ ਦਾ ਫੈਸਲਾ ਕੀਤਾ। 2005 ਵਿੱਚ ਉਨ੍ਹਾਂ ਨੂੰ ਪੰਜਾਬ ਰਾਜ ਕਿਸਾਨ ਕਮਿਸ਼ਨ ਦੇ ਪਹਿਲੇ ਚੇਅਰਮੈਨ ਨਿਯੁਕਤ ਕੀਤਾ ਗਿਆ, ਜਿਥੇ ਉਹ ਜਨਵਰੀ 2017 ਤੱਕ ਰਹੇ। ਉਨ੍ਹਾਂ ਨੂੰ ਕਮਿਸ਼ਨ ਦੀ ਗਵਰਨਿੰਗ ਬਾਡੀ ਵਿੱਚ ਵਿੱਤੀ ਕਮਿਸ਼ਨਰ, ਵਾਈਸ ਚਾਂਸਲਰ (ਪੀ. ਏ. ਯੂ), ਅਤੇ ਖੇਤੀਬਾੜੀ ਵਿੱਚ ਤਕਨੀਕੀ ਸਲਾਹਕਾਰ ਵਜੋਂ ਸ਼ਾਮਲ ਕੀਤਾ ਗਿਆ।

ਉਨ੍ਹਾਂ ਇੱਕ ਕਿਸਾਨ ਸਲਾਹਕਾਰ ਕਮੇਟੀ ਦਾ ਵੀ ਗਠਨ ਕੀਤਾ ਅਤੇ ਸਰਕਾਰ ਨੂੰ ਨਵੀਆਂ ਤਕਨੀਕਾਂ, ਡਿੱਗਦੇ ਪਾਣੀ ਦੇ ਪੱਧਰ, ਵਪਾਰਕ ਡੇਅਰੀ ਫਾਰਮਿੰਗ, ਕਿਸਾਨਾਂ ਅਤੇ ਖੇਤੀ ਨਾਲ ਸਬੰਧਤ ਨੀਤੀਗਤ ਮੁੱਦਿਆਂ, ਖਾਸ ਕਰਕੇ ਕਿਸਾਨਾਂ ਦੀ ਆਰਥਿਕਤਾ ਬਾਰੇ ਸਲਾਹ ਦਿੱਤੀ। 1965 ਵਿਚ ਉਨ੍ਹਾਂ ਪੰਜਾਬ ਐਗਰੀਕਲਚਰ ਯੂਨਵਿਰਸਿਟੀ ਦੇ ਹਿਸਾਰ ਕੈਂਪਸ ਵਿੱਚ ਡਾਇਰੈਕਟਰ, ਐਕਸਟੈਂਸ਼ਨ ਐਜੂਕੇਸ਼ਨ ਦਾ ਅਹੁਦਾ ਸੰਭਾਲਿਆ।

1998 ਤੋਂ 2001 ਤੱਕ ਵਾਈਸ ਚਾਂਸਲਰ ਵਜੋਂ ਆਪਣੇ ਕਾਰਜਕਾਲ ਦੌਰਾਨ, ਉਨ੍ਹਾਂ ਨੇ ਖੇਤੀਬਾੜੀ ਖੋਜ ਦੇ ਪ੍ਰਮੁੱਖ ਖੇਤਰ ਬਣਾਏ, ਵਿਗਿਆਨੀਆਂ ਤੇ ਕਿਸਾਨਾਂ ਵਿਚਕਾਰ ਸੰਚਾਰ ਦੀ ਲਾਈਨ ਨੂੰ ਮਜ਼ਬੂਤ ਕੀਤਾ ਅਤੇ ਨਾਲ ਹੀ ਖੋਜ ਲਈ ਫੰਡ ਲਭੇ। ਖੇਤੀ ਵਿਭਿੰਨਤਾ, ਡੇਅਰੀ ਫਾਰਮਿੰਗ, ਸਬਜ਼ੀਆਂ ‘ਤੇ ਫਲਾਂ ਦੀ ਸ਼ੈਲਫ ਲਾਈਫ ਅਤੇ ਮਾਰਕੀਟ ਯੋਗਤਾ ਨੂੰ ਵਧਾਉਣ ਲਈ ਸਹੂਲਤਾਂ, ਮਧੂ-ਮੱਖੀ ਅਤੇ ਮੱਛੀ ਪਾਲਣ, ਮਸ਼ਰੂਮ ਉਤਪਾਦਨ ਨੂੰ ਉਤਸ਼ਾਹਤ ਕੀਤਾ। ਡਾ. ਕਾਲਕਟ ਨੇ ਪੰਜਾਬ ਵਿੱਚ ਪ੍ਰਗਤੀਸ਼ੀਲ ਖੇਤੀਬਾੜੀ ਲਈ, ਵਿਸ਼ਵ ਪੱਧਰ 'ਤੇ ਵਿਗਿਆਨਕ ਖੋਜ ਲਈ ਵਿਗਿਆਨੀਆਂ ਨੂੰ ਵਿਦੇਸ਼ਾਂ ਤੋਂ ਤਕਨੀਕੀ ਸਿਖਲਾਈ ਲੈਣ ਲਈ ਉਤਸ਼ਾਹਿਤ ਕੀਤਾ।

ਉਹ 1973 ਤੋਂ 1978 ਤੱਕ ਖੇਤੀਬਾੜੀ ਮੰਤਰਾਲੇ ਵਿੱਚ ਕਮਿਸ਼ਨਰ ਰਹੇ। ਰਾਸ਼ਟ੍ਰੀ ਤੇ ਰਾਜਾਂ ਦੇ ਵਿਕਾਸ ਪ੍ਰੋਗਰਾਮਾਂ ਦੇ ਨਾਲ ਕਈ ਖੇਤਰਾਂ ਲਈ ਨਵੇਂ ਬੀਜਾਂ ਦੇ ਉਤਪਾਦਨ ਲਈ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਅਤੇ ਬੀਜ ਨਿਗਮ ਨਾਲ ਤਾਲਮੇਲ ਵਧਾਇਆ। ਇਸ ਨਾਲ ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਝੋਨੇ ਦੀ ਪੈਦਾਵਾਰ ਵਧੀ।

ਸੋਇਆਬੀਨ ਕ੍ਰਾਂਤੀ ਸ਼ੁਰੂ ਕਰਨ ਵਿੱਚ ਉਨ੍ਹਾਂ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਨਾਲ ਮੱਧ ਪ੍ਰਦੇਸ਼ ਵਿੱਚ ਲਗਭਗ 6½ ਮਿਲੀਅਨ ਹੈਕਟੇਅਰ ਖਾਲੀ ਜਮੀਨ ਉਤੇ ਸੋਇਆਬੀਨ ਖੇਤੀ ਅਤੇ ਕਈ ਪ੍ਰੋਸੈਸਿੰਗ ਪਲਾਂਟ ਲਗੇ। ਇਹ ਖੇਤੀ ਵਿੱਚ ਵਿਭਿੰਨਤਾ ਵੱਲ ਇੱਕ ਸ਼ਾਨਦਾਰ ਕਦਮ ਸੀ। ਉਨ੍ਹਾਂ ਨੇ ਭਾਰਤ, ਸ਼੍ਰੀ ਲੰਕਾ, ਨੇਪਾਲ, ਬੰਗਲਾਦੇਸ਼, ਇੰਡੋਨੇਸ਼ੀਆ ਅਤੇ ਘਾਨਾ ਵਿੱਚ ਵਿਸ਼ਵ ਬੈਂਕ ਦੇ ਪ੍ਰੌਜੈਕਟਾਂ ਲਈ ਕੰਮ ਕੀਤਾ। ਇੱਕ ਸਾਂਝੇ ਟੀਚੇ ਨੂੰ ਪ੍ਰਾਪਤ ਕਰਨ ਲਈ ਇਕੱਠੇ ਕੰਮ ਕਰਨਾ ਅਤੇ ਇੱਕਜੁੱਟ ਕਰਨ ਲਈ ਚੰਗਾ ਸੰਚਾਰ ਉਹ ਜ਼ਰੂਰੀ ਸਮਝਦੇ ਸਨ।

## ਸਨਮਾਨ

ਭਾਰਤ ਸਰਕਾਰ : 1981 ਵਿੱਚ ਪਦਮ ਸ਼੍ਰੀ ਅਤੇ 2007 ਵਿੱਚ ਪਦਮ ਭੂਸ਼ਣ।

ਪੀ. ਏ. ਯੂ (2013) ਅਤੇ ਪੰਜਾਬੀ ਯੂਨੀਵਰਸਿਟੀ (2014) ਵਲੋਂ ਡਾਕਟਰ ਆਫ਼ ਸਾਇੰਸ (ਆਨਰਿਸ ਕਾਸਾ) ਦੀਆਂ ਡਿਗਰੀਆਂ।

ਕੀਟ ਵਿਗਿਆਨ ਵਿਭਾਗ ਵਿੱਚ ਇੱਕ ਪ੍ਰਯੋਗਸ਼ਾਲਾ ਉਨ੍ਹਾਂ ਨੂੰ ਸਮਰਪਿਤ ਕੀਤੀ ਗਈ।

ਨਿਮਰ ਸੰਗ੍ਰਹਿ ਵਿਚ ਇੱਕ ਚੋਣਵੀਂ ਜੀਵਨੀ – ‘ਡਾ. ਗੁਰਚਰਨ ਸਿੰਘ ਕਾਲਕਟ : ਭਾਰਤੀ ਖੇਤੀਬਾੜੀ ਦਾ ਇੱਕ ਮਹਾਨ ਨਾਇਕ’।

ਡਾ. ਕਾਲਕਟ ਦਾ ਨਾਮ ਹਰੀ ਕ੍ਰਾਂਤੀ ਵਿੱਚ ਪੰਜਾਬ ਨੂੰ ਇੱਕ ਮੋਹਰੀ ਰਾਜ ਵਜੋਂ ਅਗਵਾਈ ਕਰਨ ਲਈ ਇਤਿਹਾਸ ਦੇ ਪੰਨਿਆਂ ਵਿੱਚ ਉੱਕਰਿਆ ਜਾਵੇਗਾ।

ਲ਼ੇਖਕ : ਡਾ. ਸਰਦਾਰ ਕਾਬਲ ਸਿੰਘ,
ਐਡਮਿੰਟਨ (ਕੈਨੇਡਾ)

We are Proud of them

Sardarni Jasvir Kaur of the UK is the World's First Female Rababan




She is a prominent figure in the UK and was awarded an MBE (Member of the Order of the British Empire). This honor recognized her contributions to faith, mental wellness through music therapy, and her efforts in reviving traditional Sikh music globally. Rabab is an instrument originally introduced by Guru Nanak Sahib. She has also been instrumental in promoting awareness of Sikh musical forms, called *Raags,* in *Gurbani* and is the Vice President of the Raj Academy Conservatoire. She is a great inspiration to the Sikh youth and is dedicated to preserving their glorious cultural heritage.

Dr. S. Manohar Singh is new Chancellor University of Wisconsin, USA



Dr. S. Manohar Singh is an award-inning scholar, innovative educationist and entrepreneurial administrator. He was the Interim President of Western Connecticut State University (WCSU) since 2023, where he launched the Western Rising Program (2024–2030) and the Master of AI courses.

At Humboldt State University, he co-led a campaign to establish B.S. nursing program. An American Council on Education (ACE) Fellow, he shaped the designing the future programs of many educational institutions in the US, Canada, Singapore, Australia and India. He has made research contributions in finance, economics and corporate governance, and holds a Ph.D. in Finance from Southern Illinois University–Carbondale, and an M.A. in Economics from the University of Waterloo, Canada.

Commemorative Stamp by UK to honour a Brave Sikh Fighter Pilot




Sardar J.P Singh from Oxford U.K. has conveyed this heartening message that a Commemorative Stamp in honour of S. Mahinder Singh Pujji, who served as a fighter pilot in three theatres of war, is being released by U.K. Government. The Sikh Pilot took part in the Second World War. Flt. Lt. S. Mahinder Singh Pujji joined the Royal Air Force (RAF) in 1940 during Second World War as a Bomber Pilot. Pujji was a Squadron Leader who flew Hurricane Fighters and was awarded *Flying Cross* for his bravery. His plane was hit by bullets badly, but he managed to land safely despite a deep wound in his head as his turban saved him.

In 2008, he got a *Lifetime Achievement Award* from the Gravesham Council, U.K. Sardar Pujji died at age of 92 in Dartford, U.K. in 2010.

Sent by

Tarlochan Singh, Ex-M.P (India)
Former Chairman
National Commission Minorities.

Sardar Amardeep Singh dedicated to preservation of the Lost Sikh Heritage



Sardar Amardeep Singh, has authored two unique books: "Lost Heritage" (The Sikh Legacy in Pakistan) and then "The Quest Continues". He received the Biennial Interfaith Award from the Hofstra University, in the USA, for producing a 24-episode documentary series "Allegory" (A Tapestry of Guru Nanak's Travels) which is freely available at TheGuruNanak.com.

S. Amardeep Singh is currently leading the "Oneness in Diversity" project, creating audiovisual educational content based on the timeless wisdom of the Saints of the Bhakti / Sufi period in India.

16 Sikh Boys and Girls selected for IAS / IPS

The lists of successful candidates for Central Services have been released and 1009 persons have been declared successful. It has been found that 16 Sikh Boys and Girls have succeeded this year. This is better than the last two years results. Raj Kaur Sethi of Mohali is at number 89, being in the 100 who will be offered Indian Foreign Service, IFS. There are five more Sikh Boys and Girls in the first 150 toppers who will join IAS or IPS.

S. Iqbal Singh Raja is Delhi's Mayor



S. Iqbal Singh Raja has been appointed the new Mayor of Delhi. He represents the Bhartiya Janata Party (BJP), and secured a significant victory with 133 votes, while his rival managed to get only eight votes. He had served as a dedicated Member of the Delhi Municipal Corporation for a long time.

## GLOBAL SIKH COUNCIL Inc.

**VOICE OF SIKHS WORLDWIDE**
**www.globalsikhcouncil.org**
**Reg No: 14069804**

GLOBAL SIKH COUNCIL
VOICE OF SIKHS WORLDWIDE

info@globalsikhcouncil.org

**President (CEO)**
Mr. Amritpal Singh Sachdeva, UK

**Vice-President**
Ms. Mandeep Kaur, Dubai

**Secretary**
Dr. Kala Singh, Canada

**Media & PR**
Mr. Charanjit Singh, Switzerland

**Treasurer (CFO)**
Mr. Davinder Singh Eari, Kenya

**Assistant Secretary**
Mr. Narinder Pal Singh, Uganda

**Assistant Media & PR**
Mr. Harinder Singh Bhatti, India

**Chairman**
Mr. Gulbarg Singh Basi, USA

Mr. Amarinder S Bajwa, Australia
Mr. Amarjeet Singh, Nepal
Mr. Balbir S Sachdeva, Thailand
Dr. Bhupender Kaur, India
Mr. Devinder Singh, Holland
Mr. Harcharan Singh, Malaysia
Mr. Harpal Singh, Bahrain
Dr. Jagjit Singh, Canada
Col. Jagtar Singh Multani, India
Dr. Jaswant Singh, USA
Mr. Karnail Singh, Australia
Mr. Labh Singh, Spain
Mr. Ravinder Singh Ravi, Kenya
Ms. Vindri Kaur, India

Date: April 20, 2025 Ref: 25108

**ਸਤਿਕਾਰਯੋਗ ਸ੍ਰ. ਹਰਜਿੰਦਰ ਸਿੰਘ ਧਾਮੀ ਜੀ,ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।**

ਗੁਰੂ ਫਤਹਿ ਜੀਉ।

**ਸਤਿਕਾਰਯੋਗ ਪ੍ਰਧਾਨ ਜੀਉ,**

ਦੇਸ਼ ਵਿਦੇਸ਼ ਵਿੱਚ ਵੱਸਦੇ ਸਿੱਖਾਂ ਦੀ ਆਵਾਜ਼ ਗਲੋਬਲ ਸਿੱਖ ਕੌਂਸਲ ਵਲੋ ਹੇਠਾਂ ਇੱਕ ਬੇਨਤੀ ਰੂਪੀ ਸੁਝਾਅ ਭੇਜੇ ਜਾ ਰਹੇ ਹਨ ਜੋ ਕਿ ਜਥੇਦਾਰ ਸਾਹਿਬ ਦੀ ਨਿਯੁਕਤੀ ਨਾਲ ਸੰਬੰਧਿਤ ਹਨ ਕਿਉਂਕਿ ਜਥੇਦਾਰ ਸਾਹਿਬ ਦੁਨੀਆਂ ਭਰ ਵਿੱਚ ਵੱਸਦੀ ਸਾਰੀ ਸਿੱਖ ਕੌਮ ਦੇ ਸਾਂਝੇ ਨੁੰਮਾਇੰਦੇ ਹਨ ਇਸ ਲਈ ਬਹੁਤ ਹੀ ਉਮੀਦ ਅਤੇ ਪ੍ਰੇਮ ਸਹਿਤ ਸਾਰੀ ਕੌਮ ਵਲੋਂ ਇਹ ਸੁਝਾਅ ਆਪ ਜੀ ਨੂੰ ਭੇਜੇ ਜਾ ਰਹੇ ਹਨ।

ਸੁਝਾਅ ਇਸ ਪ੍ਰਕਾਰ ਹਨ ਜੀ।

**ਨਿਯੁਕਤੀ ਕੌਣ ਕਰ ਸਕਦਾ ਹੈ:**
ਇਹ ਤਖਤ ਸਾਰੇ ਸਿੱਖ ਜਗਤ ਦੇ ਸਾਂਝੇ ਹਨ। ਇਥੋਂ ਦੇ ਹੁਕਮਨਾਮੇ ਸਾਰੇ ਸਿੱਖ ਜਗਤ ਤੇ ਲਾਗੂ ਹੁੰਦੇ ਹਨ। ਇਸ ਲਈ ਨਿਯੁਕਤੀ ਕਰਨ ਦਾ ਹੱਕ ਵੀ ਸਾਰੇ ਸਿੱਖ ਜਗਤ ਕੋਲ ਹੀ ਹੋਣਾ ਜਰੂਰੀ ਹੈ। ਸਾਰੇ ਸੰਸਾਰ ਦੀਆ ਪ੍ਰਮੁੱਖ ਸਿੱਖ ਸੰਸਥਾਵਾਂ ਮਿਲ ਕੇ ਇਕ ਨਿਯੁਕਤੀਕਰਣ ਬੋਰਡ ਬਣਾਉਣ ਅਤੇ ਉਹ ਬੋਰਡ ਯੋਗਤਾ ਦੇ ਆਧਾਰ ਤੇ ਜਥੇਦਾਰਾਂ ਦੀ ਨਿਯੁਕਤੀ ਕਰੇ। ਜਥੇਦਾਰ ਕਿਸੇ ਵੀ ਦੇਸ਼ ਤੋਂ ਹੋ ਸਕਦੇ ਹਨ।

**ਵਿਦਿਅਕ ਯੋਗਤਾ:**
ਘੱਟੋ ਘੱਟ ਪੰਜਾਬੀ, ਅੰਗਰੇਜ਼ੀ, ਇਤਿਹਾਸ ਅਤੇ ਪਬਲਿਕ ਐਡਮਿਨਿਸਟਰੇਸ਼ਨ ਵਿਚ ਐਮ.ਏ. ਪਾਸ, ਗੁਰਬਾਣੀ ਦਾ ਗਿਆਨ, ਕੋਈ ਗੁਰਬਾਣੀ ਖੋਜ ਦੀਆਂ ਕਿਤਾਬਾਂ ਜਾ ਲੇਖ ਛਪਵਾਏ ਹੋਣ। ਸਿੱਖੀ ਕਿਰਦਾਰ ਤੇ ਨਿਸ਼ਕਾਮ ਸੇਵਾ ਜੀਵਨ ਦਾ ਜ਼ਰੂਰੀ ਹਿੱਸਾ ਹੋਵੇ। ਜੇਕਰ ਇਸ ਯੋਗਤਾ ਵਾਲਾ ਕੋਈ ਵੀ ਉਮੀਦਵਾਰ ਨਾਂ ਮਿਲੇ ਤਾਂ ਵੱਧ ਤੋਂ ਵੱਧ ਯੋਗਤਾ ਵਾਲੇ ਉਮੀਦਵਾਰ ਲੱਭੇ ਜਾਣ ਤੇ ਉਨ੍ਹਾਂ ਵਿਚੋਂ ਜੇਤੂਆਂ ਨੂੰ ਜਥੇਦਾਰ ਥਾਪਿਆ ਜਾ ਸਕਦਾ ਹੈ।

GLOBAL SIKH COUNCIL
VOICE OF SIKHS WORLDWIDE

info@globalsikhcouncil.org

**President (CEO)**
Mr. Amritpal Singh Sachdeva, UK

**Vice-President**
Ms. Mandeep Kaur, Dubai

**Secretary**
Dr. Kala Singh, Canada

**Media & PR**
Mr. Charanjit Singh, Switzerland

**Treasurer (CFO)**
Mr. Davinder Singh Eari, Kenya

**Assistant Secretary**
Mr. Narinder Pal Singh, Uganda

**Assistant Media & PR**
Mr. Harinder Singh Bhatti, India

**Chairman**
Mr. Gulbarg Singh Basi, USA

Mr. Amarinder S Bajwa, Australia
Mr. Amarjeet Singh, Nepal
Mr. Balbir S Sachdeva, Thailand
Dr. Bhupender Kaur, India
Mr. Devinder Singh, Holland
Mr. Harcharan Singh, Malaysia
Mr. Harpal Singh, Bahrain
Dr. Jagjit Singh, Canada
Col. Jagtar Singh Multani, India
Dr. Jaswant Singh, USA
Mr. Karnail Singh, Australia
Mr. Labh Singh, Spain
Mr. Ravinder Singh Ravi, Kenya
Ms. Vindri Kaur, India



**ਚੋਣ ਦਾ ਤਰੀਕਾ:**
ਇੰਟਰਵਿਊ ਦੇ ਨਾਲ ਨਾਲ ਉਮੀਦਵਾਰਾਂ ਦੇ ਗਿਆਨ ਆਧਾਰਿਤ ਮੁਕਾਬਲੇ ਜਾਂ ਲਿਖਤੀ ਰੂਪ ਵਿੱਚ ਇਮਤਿਹਾਨ ਚੋਣ ਕਰਨ ਦੇ ਤਰੀਕੇ ਦਾ ਜਰੂਰੀ ਹਿੱਸਾ ਹੋਣੇ ਚਾਹੀਦੇ ਹਨ ।

**ਕਾਰਜਕਾਲ:**
੨ ਸਾਲ ਹੋਵੇ ਅਤੇ ਉਸ ਦੇ ਕੰਮ ਦੇ ਅਧਾਰ 'ਤੇ ਇੱਕ ਤੋਂ ਵੱਧ ਵਾਰ ਨਿਯੁਕਤ ਕੀਤਾ ਜਾ ਸਕਦਾ ਹੈ। 75 ਸਾਲ ਦੀ ਉਮਰ ਪਾਰ ਕਰਨ 'ਤੇ ਜਥੇਦਾਰ ਦੀ ਸੇਵਾ ਮੁਕਤੀ ਕੀਤੀ ਜਾਵੇ।

**ਬਰਖਾਸਤਗੀ:**
ਸੇਵਾ ਦੌਰਾਨ ਜਥੇਦਾਰ 'ਤੇ ਗੁਰਮਤਿ ਵਿਰੋਧੀ ਗਤੀਵਿਧੀਆਂ ਜਾਂ ਚਾਲਚਲਨ ਦੇ ਗੰਭੀਰ ਦੋਸ਼ ਲੱਗ ਜਾਣ ਦੀ ਸੂਰਤ ਵਿੱਚ ਜਾਂ ਦਿਮਾਗੀ ਤਵਾਜ਼ਨ ਗੁਆ ਚੁੱਕਣ ਦੀ ਸੂਰਤ ਵਿਚ ਨਿਯੁਕਤੀਕਰਣ ਬੋਰਡ ਦੇ ਦੋ ਤਿਹਾਈ ਮੈਂਬਰਾਂ ਦੀ ਬਹੁ ਸੰਮਤੀ ਨਾਲ ਕਿਸੇ ਵੀ ਜਥੇਦਾਰ ਦੀ ਬਰਖਾਸਤਗੀ ਜਾਂ ਸੇਵਾ ਮੁਕਤੀ ਕੀਤੀ ਜਾ ਸਕਦੀ ਹੈ।

**ਕਾਰਜ ਵਿਧੀ:**
ਹੁਕਮਨਾਮਾ ਜਾਰੀ ਕਰਨ ਦਾ ਅਧਿਕਾਰ ਕੇਵਲ ਪੰਜ ਜਥੇਦਾਰਾਂ ਨੂੰ ਦੇ ਦਿੱਤਾ ਜਾਵੇ। ਜਦੋਂ ਵੀ ਕੋਈ ਪੰਥਕ ਮਸਲਾ ਆਵੇ ਤਾਂ ਪੰਜੇ ਜਥੇਦਾਰ ਆਪਸੀ ਸਲਾਹ ਪਿੱਛੋਂ ਦੇਸ਼ ਵਿਦੇਸ਼ ਦੀਆਂ ਸੁਮੱਚੀਆਂ ਸਿੱਖ ਜਥੇਬੰਦੀਆਂ ਅਤੇ ਪੰਥਕ ਵਿਦਵਾਨਾਂ ਦਾ ਸਰਬ ਸਾਂਝਾ ਇਕੱਠ ਸੱਦਣ ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਇਤਿਹਾਸ ਦੀ ਰੌਸ਼ਨੀ ਵਿੱਚ ਫੈਸਲਾ ਕਰਨ। ਜਥੇਦਾਰ ਸਾਹਿਬ ਕੇਵਲ ਤੇ ਕੇਵਲ ਵਿਦਵਾਨਾਂ ਦਾ ਫੈਸਲਾ ਸੁਣਾਉਣ। ਉਨ੍ਹਾ ਕੋਲ ਵਿਦਵਾਨਾਂ ਦਾ ਫੈਸਲਾ ਬਦਲਣ ਦਾ ਕੋਈ ਅਧਿਕਾਰ ਨਾਂ ਹੋਵੇ। ਇਨ੍ਹਾਂ ਪੰਜ ਸਿੰਘ ਸਾਹਿਬਾਨਾਂ ਦੁਆਰਾ ਐਲਾਨ ਕੀਤੇ ਗਏ ਫੈਸਲੇ ਨੂੰ ਹਰ ਸਿੱਖ ਲਈ ਮੰਨਣਾ ਲਾਜ਼ਮੀ ਹੋਵੇ।

**ਕਾਰਜ ਖੇਤਰ:**
(ੳ) ਪੰਜ ਸਿੰਘ ਸਾਹਿਬਾਨ ਦਾ ਮੁੱਖ ਕਾਰਜ ਕੇਵਲ ਤੇ ਕੇਵਲ ਸਿੱਖਾਂ ਦੇ ਸਦੀਵੀ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦੀ ਸਿੱਖਿਆ ਦਾ ਪ੍ਰਚਾਰ ਕਰਨਾ ਤੇ ਕਰਵਾਉਣਾ ਹੈ। ਕਿਸੇ ਵੀ ਗੁਰਦੁਆਰੇ ਤੋਂ ਕਿਸੇ ਵੀ ਹੋਰ ਲਿਖਤ ਦਾ ਪ੍ਰਚਾਰ ਕਰਨਾ ਬੰਦ ਕਰਵਾਉਣਾ ਹੈ।

**GLOBAL SIKH COUNCIL Inc.**

**VOICE OF SIKHS WORLDWIDE**

**www.globalsikhcouncil.org**

**Reg No: 14069804**

(ਅ) ਦੂਸਰਾ ਮੁੱਖ ਕਾਰਜ ਪੰਥ ਨੂੰ ਸੇਧ ਦੇਣਾ ਹੈ। ਪੰਥ ਦੇ ਵਿਵਾਦਿਤ ਮੁੱਦਿਆਂ ਤੇ ਸੀਮਿਤ ਸਮੇ ਵਿਚ, ਵਿਸ਼ੇ ਦੇ ਮਾਹਿਰ ਵਿਦਵਾਨਾ ਦੇ ਵਿਚਾਰ ਅਨੁਸਾਰ ਫੈਸਲੇ ਕਰਨਾ ਤੇ ਉਨ੍ਹਾ ਨੂੰ ਸਿੱਖ ਸੰਸਾਰ ਵਿਚ ਲਾਗੂ ਕਰਨਾ ਹੈ। ਸੀਮਿਤ ਸਮੇਂ ਵਿਚ ਪੰਥ ਨੂੰ ਦੁਬਿਧਾ ਵਿੱਚੋਂ ਕੱਢਣਾ ਤੇ ਇੱਕ ਲੜੀ ਵਿੱਚ ਪਰੋਈ ਰੱਖਣਾ ਹੈ।
(ੲ) ਵਿਸ਼ਵ ਭਰ ਵਿੱਚ ਸਿੱਖੀ ਹਿੱਤਾਂ ਤੇ ਪਹਿਰਾ ਦੇਣਾ। ਲੋੜ ਅਨੁਸਾਰ ਨੁਮਾਇੰਦਗੀ ਦਾ ਇੰਤਜ਼ਾਮ ਕਰਨਾ ਤੇ ਨਿਸ਼ਚੇ ਕਰ ਕੌਮ ਦੇ ਹੱਕਾਂ ਦੀ ਰਾਖੀ ਕਰਨਾ।

ਉਮੀਦ ਹੈ ਕਿ ਬਹੁਤ ਹੀ ਪ੍ਰੇਮ ਨਾਲ ਆਪ ਜੀ ਉਪਰੋਕਤ ਸੁਝਾਵਾਂ ਤੇ ਜਰੂਰ ਹੀ ਵੀਚਾਰ ਕਰੋਗੇ।
ਗੁਰੂ ਗ੍ਰੰਥ ਅਤੇ ਪੰਥ ਦਾ ਦਾਸ

*Amritpal Singh*

ਅੰਮ੍ਰਿਤਪਾਲ ਸਿੰਘ ਯੂ.ਕੇ.
ਪ੍ਰਧਾਨ
ਗਲੋਬਲ ਸਿੱਖ ਕੌਂਸਲ

Below is a separate Note sent by S. Tarlochan Singh , Ex-MP , Former Chairman of the Minorities Commission of India

Gurdwara Singh Sabha, Greater Kailash- 1, New Delhi is known as Pahari Wala Gurdwara. Yesterday, I attended there an inauguration of a most modern Gym, the first such service in a Gurdwara anywhere. This is the First Gurdwara to start a three storey Medical Centre in 1988 having CT Scan, Ultrasound, Dental Centre, Eye Operation Centre etc. Gurdwara has a two storey Parking for 300 Cars. A very well run Mata Gujri Higher Secondary School and a Nursery School. 3 Air Conditioned Langar Halls.

The most admirable story is that there has never been any election but always a unanimous selection process. I hope Sangat in other Gurdwaras will be motivated.

Article Reproduced from "The Sikh Review"

## Shining Sikhs - Sir & Padma Bhushan Awardees

By Sardar Tarlochan Singh, Ex-MP

E-mail: tarlochan@tarlochansingh.com

*(S.Tarlochan Singh was felicitated on Baisakhi day in Delhi by Govt of India)*

During the British rule in India, it was customary to honour selected persons from different professions for Annual Awards. The highest honour given was the title 'SIR'. There were a few Sikhs in this list - Sir Khem Singh Bedi, his son Raja Sir Gurbaksh Singh Bedi, Sir Jogendra Singh, Sir Sunder Singh Majithia, Sir Attar Singh Bahadur, Sir Inder Singh (the father of S. Baldev Singh, Defence Minister), Sir Sobha Singh, Sir Harnam Singh (Kapurthala), Sir Datar Singh, (father of S. Khushwant Singh). Hundreds of Indians were selected for other titles - Rai Bahadur for Hindus, Khan Bahadur for Muslims and Sardar Bahadur for Sikhs. The awardees were given proper prescribed protocol and accorded respect in all Government offices.



In UK, this tradition is still prevalent. The Monarch announces the awards SIR, O.B.E. and O.B.C. every year. Only few Sikhs have been Knighted - Sir Justice Mota Singh, Sir Dr Harpal Singh Kumar (Cancer expert), Dr Kartar Singh Lalvani (Vitamin King) and Sir Dr. Amritpal Singh Hungin (Education). Hundreds of Sikhs are O.B.E and M.B.E.

Pandit Jawaharlal Nehru, the India's first Prime Minister decided to start similar honours and in 1954, an official announcement was made. These annual awards were named as follows.

1. *Bharat Ratna*
2. *Padma Vibhushan*
3. *Padma Bhushan*
4. *Padma Shri*

*Bharat Ratna* is the highest honour reserved for very few. Some of them are C. Rajagopalachari, S. Radhakrishnan, Sir C.V. Raman, Pt. Jawahar Lal Nehru, Lal Bahadur Shastri, Jai Prakash Narayan and Dr. B.R. Ambedkar. No Sikh is in this list.

*Padma Vibhushan* is given to only a few people. Air Chief Marshal Arjan Singh was the first to receive it in 1965. General Harbaksh Singh, S. Kirpal Singh (Ruhani Satsang), Gurmukh Singh Musafir, Dr. Manmohan Singh, S. Swaran Singh, S. Khushwant Singh, S. Montek Singh Ahluwalia, S. Parkash Singh Badal and Dr M.S. Gill, Chief Election Officer were awarded Padma Vibhushan. Dr. Narinder Singh Kapany was given this award posthumously in 2021.

Sikh Awardees up to April 2025

*Padma Bhushan* : Every year on the Republic Day i.e., 26th of January, about 10 persons are selected for Padma Bhushan and about one hundred are declared Padma Shri. Bhai Vir Singh, legendary Sikh writer, the founder of the Singh Sabha Movement was the first Sikh to get the Padma Bhushan in 1956. Six years later, S. Tarlok Singh ICS, Vice Chairman Planning Commission in 1962.

Till date, 50 Sikhs from various professions are *Padma Bhushan* awardees. As per the year-wise list:- General Harnarain Singh, (Military Secretary to the President), General S. Joginder Singh Dhillon, Captain M.S. Kohli, (leader of India's first Mount Everest climbing team), S. Gian Singh Kahlon, (Chief Secretary Punjab), Bhai Jodh Singh, (Vice Chancellor), Dr. Madan Mohan Singh, General Jagjit Singh Aurora, S.S. Bedi (Commissioner, Jalandhar), Inderjit Singh Gill (Mumbai), Dr. M.S. Randhawa, S. Sirtaj Singh Sahi (Engineer), Dr. Baldev Singh, General Sartaj Singh, S. Dilbagh Singh Athwal (Science), Dr. Kirpal Singh Narang, (Vice Chancellor), Dr. Jasbir Singh Bajaj, Prof. Dr. Ganda Singh, S. Surinder Singh Gill (IAS).

S. Amarjit Singh (IAS), Professor Gurbachan Singh Talib, S. Kartar Singh Duggal (MP), S. Narinder Singh Randhawa (Science), Jathedar Jiwan Singh Umranangal, Dr Khem Singh Gill, (Vice Chancellor, Father of Green revolution), Capt. G.S. Dhillon of INA, Dr. Harbans Singh Wasir, M.S. Oberoi (Hotelier), Bhai Anal Jeet Singh, (Industrialist), Singer Jagjit Singh, S. Sardara Singh Johal, (Vice Chancellor), Lyricist Gulzar, Dr. T.S. Kler, S. Jasjit Singh (Air Force), G.S. Kalkat, (Director Agriculture Punjab), Dr. P.S. Maini (Surgeon), Dr. Jagjit Singh Chopra (Medicine), S. Jasdev Singh (All India Radio), Prof. G.S. Randhawa,(Vice Chancellor) and S. Barjinder Singh Hamdard, (Editor Ajit). S. Raja Bhalindra Singh, S. Umrao Singh and S. Sukhdev Singh Dhindsa, are in the sports category. Ex-MP and Former Chairman of National Commission for Minorities, S. Tarlochan Singh received the award by the then President, Shri Ram Nath Kovind in 2022. Ragi Harjinder Singh.

Prominent Ladies include Amrita Pritam, Isher Ahluwalia (Economist), Inderjit Kaur Barthakur (writer - Meghalaya) and Folk singer Gurmeet Kaur Bawa.

S. Sant Singh Chatwal (Hotelier, US), M. S. Banga of U.K. (brother of S. Ajay Singh Banga, President World Bank) awarded in 2010.

It is not customary in Sikh institutions to highlight Sikh Role Models. I appreciate that S. Prakash Singh Badal, the then Chief Minister Punjab, accepted my proposal and gave *Nishan-e-Khalsa* Awards to deserving Sikhs in 1999 at Anandpur Sahib on the 300th birthday of the Khalsa. Capt. Amrinder Singh, CM, Punjab, invited prominent Sikhs across the world for a special Award Ceremony in Sultanpur Lodhi on the 550th Parkash Purab of Guru Nanak Dev Ji in 2019.

P. S. - Sikh Scientists who also got the *Padma* Awards include

Dr Gurdev Singh Khush, a World Food Prize winner (equivalent to Nobel Prize in Agriculture), first Sikh FRS, Father of Global Rice revolution.

Dr Harkishan Singh, a renowned researcher in Pharmacology, Science Historian and the man behind creation of the National Institute of Pharmaceutical Education and Research (NIPER) at Chandigarh.

## ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ (16 – 18)

ਪ੍ਰਸ਼ਨ 16. ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੱਦੀ ਕਦੋਂ ਤੇ ਕਿਥੇ ਮਿਲੀ ਸੀ ?

ਉੱਤਰ:- ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੱਦੀ 1708 ਈ: ਨੂੰ ਤਖਤ ਸ੍ਰੀ ਹਜੂਰ ਸਾਹਿਬ ਨਾਂਦੇੜ-ਮਹਾਰਾਸ਼ਟਰ ਵਿਖੇ ਮਿਲੀ ਸੀ।

Q16. When and where was Sri Guru Granth Sahib installed as Guru?

Ans. Sri Guru Granth Sahib was installed as Guru at Takhat Sri Hazoor Sahib (Nanded-Maharashtra) in 1708.

प्रश्न 16: श्री गुरू ग्रन्थ साहिब जी को गुरूगद्दी कब और कहां मिली।

उत्तरः श्री गुरू ग्रन्थ साहिब जी को गुरूगद्दी 1708 ई० में (तख्त श्री हजूर साहिब) नांदेड महाराष्ट्र में मिली थी।

ਪ੍ਰਸ਼ਨ 17. ਤਖਤ ਸ੍ਰੀ ਹਜੂਰ ਸਾਹਿਬ ਨੂੰ ਸਿੱਖ ਹੋਰ ਕਿਸ ਨਾਮ ਨਾਲ ਯਾਦ ਕਰਦੇ ਹਨ?

ਉੱਤਰ:- ਤਖਤ ਸ੍ਰੀ ਹਜੂਰ ਸਾਹਿਬ ਨੂੰ ਸਿੱਖ 'ਸ੍ਰੀ ਅਬਿਚਲ ਨਗਰ' ਦੇ ਨਾਮ ਨਾਲ ਵੀ ਯਾਦ ਕਰਦੇ ਹਨ।

Q17. By what other name is Takhat Sri Hazoor Sahib known among the Sikhs?

Ans. Takhat Sri Hazoor Sahib is also known among the Sikhs as 'Sri Abchal Nagar'.

प्रश्न 17: तख्त श्री हजूर साहिब जी को सिक्ख किस नाम से याद करते है।

उत्तरः तख्त श्री हजूर साहिब को सिक्ख श्री अविचल नगर के नाम से याद करते है।

ਪ੍ਰਸ਼ਨ 18. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਮਿਲਣ ਉਪ੍ਰੰਤ ਪਹਿਲਾ ਪਾਵਨ ਮੁੱਖ ਵਾਕ ਕਿਹੜਾ ਆਇਆ ਸੀ ?

ਉੱਤਰ:- ਮਾਰੂ ਮਹਲਾ ੫ ॥

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥੧॥
ਅਬ ਮੋਹਿ ਜੀਵਨ ਪਦਵੀ ਪਾਈ ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ ਰਹਾਉ ॥

ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥
ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥
ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥੩॥
ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥
ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥੪॥੬॥

ਮਾਰੂ (ਮਃ ੫) ਗੁਰੂ ਗ੍ਰੰਥ ਸਾਹਿਬ - ਅੰਗ ੧000

Q18. What was the holy 'Mukhwak' after Sri Guru Granth Sahib was installed as Guru?

Ans. Maru Mahala 5||

Khuliaa Karam Kirapaa Bhee Thaakur Keerathan Har Har Gaaee||
Sram Thhaakaa Paaeae Bisraamaa Mitt Gee Sagalee Dhhaaee ||1||
Ab Mohe Jeevan Padhavee Paaee||
Cheeth Aaeiou Man Purakh Bidhhaathaa Santhan Kee Sranaaee ||1|| Rehaao||
Kaam Krodhh Lobh Mohu Nivaarae Nivarae Sagal Bairaaee||
Sadh Hajoor Haajar Hai Naajar Kathehi N Bhaeiou Dhooraaee||2||
Sukh Seethal Saradhhaa Sabh Pooree Hoeae Santh Sehaaee||
Paavan Patit Keeeae Khin Bheethar Mehimaa Kathhan N Jaaee||
Nirabho Bheae Sagal Bhai Khoeae Gobidh Charan Outtaaee ||
Naanak Jas Gaavai Thaakur Kaa Rein Dhinas Liv laaee|| 4||6||

प्रश्न 18. श्री गुरू ग्रंथ साहिब जी को गुरूगद्दी मिलने के उपरान्त पहला मुख वाक्य क्या आया था ?

उत्तरः मारू महला (5)

खुलिया कर्म कृपा भई ठाकर कीर्तन हरि हरि गाई सर्म थाका पाये
विश्रामा मिट गई सगली धाई ।
अब मोहि जीवन पदवी पाई।।
चित आइयो मन पुरूख विधाता संतन की सरनाई(।)
काम, क्रोध, लोभ मोह निवारे निवरे सगल बैराई
सद हजूर हाजर है नाजर कत हे न भयो दुराई(2)
सुख शीतल सरधा सब पूरी होय संत सहाई
पावन पतित किये खिन भीतर महिमा कथन न जाई(3)
निरभय भये सगल भै खोये गोबिन्द चरण ओटाई
नानक जस गाहे ठाकर का रेन दिवस लिव लाई।4।।6।।

मारू (महला 5) गुरू ग्रंथ साहिब अंग 1000

# ਜ਼ਿੰਦਗੀ ਦੇ ਰੰਗ (ਗੀਤ)

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
ਵਟਸਐਪ: +91 98728 60488



ਦੁੱਖ ਸੁੱਖ ਜ਼ਿੰਦਗੀ ਦੇ ਰੰਗ ਬੰਦਿਆ।
ਸਿੱਖ ਲੈ ਜਿਊਣ ਵਾਲਾ ਢੰਗ ਬੰਦਿਆ।

ਦੁੱਖਾਂ ਵਿੱਚ ਢੇਰੀਆਂ ਕਦੇ ਵੀ ਢਾਈਂ ਨਾ।
ਜਣੇ ਖਣੇ ਕੋਲ ਤੂੰ ਦੁਹਾਈਆਂ ਪਾਈਂ ਨਾ।
ਇਹ ਤਾਂ ਰਹਿਣੇ ਸਦਾ ਅੰਗ-ਸੰਗ ਬੰਦਿਆ
ਸਿੱਖ...

ਸੁੱਖ ਆਵੇ, ਰੱਬ ਨੂੰ ਕਦੇ ਭੁਲਾਈਂ ਨਾ।
ਹਉਮੈ ਵਾਲੀ ਤੱਕੜੀ 'ਚ ਤੁੱਲ ਜਾਈਂ ਨਾ।
ਈਰਖਾ ਦੀ ਉਠੇ ਨਾ ਤਰੰਗ ਬੰਦਿਆ
ਸਿੱਖ...

ਦਾਤੇ ਦਾ ਵੀ ਕਦੇ ਸ਼ੁਕਰਾਨਾ ਕਰੀਏ।
ਉਹਦਿਆਂ ਰੰਗਾਂ ਦੇ ਕੋਲੋਂ ਸਦਾ ਡਰੀਏ।
ਭਲੇ ਵਾਲੀ ਰੱਖੀਏ ਉਮੰਗ ਬੰਦਿਆ
ਸਿੱਖ...

ਦੁੱਖ ਸੁੱਖ ਤਾਂ ਨੇ ਭੈਣ ਭਾਈ ਜਾਪਦੇ।
ਐਵੇਂ ਆਪਾਂ ਰਾਗ ਦੋਹਾਂ ਦਾ ਅਲਾਪਦੇ।
ਹੋ ਜਾਈਏ ਦੋਹਾਂ ਤੋਂ ਨਿਸ਼ੰਗ ਬੰਦਿਆ
ਸਿੱਖ ...

ਦੁੱਖ 'ਦੀਸ਼' ਕਰਦੇ ਵਿਕਾਸ ਆਪਣਾ।
ਇਹਨਾਂ ਦਾ ਵੀ ਰੋਲ ਹੁੰਦਾ ਖਾਸ ਆਪਣਾ।
ਚੜ੍ਹਦੀ ਕਲਾ ਦਾ ਚੜ੍ਹੇ ਰੰਗ ਬੰਦਿਆ
ਸਿੱਖ...

# ਉੱਠਣ ਸਾਰ

ਡਾ. ਸਰਦਾਰ ਧਰਮਿੰਦਰ ਸਿੰਘ ਉੱਭਾ, ਅੰਬਾਲਾ (ਭਾਰਤ)



ਜ਼ਿੰਦਗੀ ਦੌੜ ਨਹੀਂ, ਐਵੇਂ ਨਾ ਦੌੜੀ ਜਾਹ ਮਿੱਤਰਾ।
ਇਹ ਸਫ਼ਰ ਸੁਹਾਣਾ ਹੈ, ਤੁਰ ਆਪਣੇ ਰਾਹ ਮਿੱਤਰਾ।

ਕਰ ਮੋਹ-ਮੁਹੱਬਤ ਸਭ ਨੂੰ ਤੂੰ, ਰੱਖ ਕੇ ਮਿੱਠੀ ਜਿਹਬਾ,
ਮੇਲਾ ਚਾਰ ਦਿਨਾਂ ਦਾ, ਜਿਹੜੇ ਆਉਂਦੇ ਸਾਹ ਮਿੱਤਰਾ।

ਕਰ ਸ਼ੁਕਰਾਨਾ ਉਸ ਦਿੱਤੀਆਂ ਦਾਤਾਂ ਅਤੇ ਸੌਗਾਤਾਂ ਦਾ,
ਕਰਦਾ ਰਹਿ ਤੂੰ ਹਰ ਵੇਲੇ ਉਸ ਦੀ ਵਾਹ-ਵਾਹ ਮਿੱਤਰਾ।

ਘਾਟੇ-ਵਾਧੇ, ਜਿੱਤਾਂ-ਹਾਰਾਂ ਹਿੱਸਾ ਨੇ ਇਸ ਜ਼ਿੰਦਗੀ ਦਾ,
ਕੀ ਹੋ ਗਿਆ? ਕਾਹਤੋਂ ਬੈਠਾ ਐਵੇਂ ਢੇਰੀ ਢਾਹ ਮਿੱਤਰਾ।

ਉੱਚੇ ਸੁਪਨੇ, ਵੱਡੀਆਂ ਸੋਚਾਂ, ਰੱਖ ਕੇ ਚੱਲੀਂ ਜੀਵਨ ਵਿੱਚ,
ਉਹੀ ਪਾਉਂਦਾ ਉਹਨਾਂ ਰਾਹਾਂ ਨੂੰ, ਜਿਹੜਾ ਰੱਖੇ ਚਾਹ ਮਿੱਤਰਾ।

ਜਿਹੜੇ ਤੁਰ ਪੈਂਦੇ ਨੇ ਉਸ ਨੂੰ ਖੋਜਣ ਦੀ ਰਾਹ ਤੇ ਮਨ ਸੱਚੇ,
ਉਹ ਪਾ ਲੈਂਦੇ ਨੇ ਉਸ ਸੱਚੇ ਦੀ ਇੱਕ ਦਿਨ ਥਾਹ ਮਿੱਤਰਾ।

ਖੁਸ਼ ਰਹ- ਚੜ੍ਹਦੀ ਕਲਾ ਵਿੱਚ ਰਹ ਮਿੱਤਰਾ !

350 ਸਾਲਾ ਸ਼ਹੀਦੀ ਸ਼ਤਾਬਦੀ ਤੇ ਵਿਸੇਸ਼-

*ਹਿੰਦ ਦੀ ਚਾਦਰ*

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਤੇਗ ਬਹਾਦਰ ਹਿੰਦ ਦੀ ਚਾਦਰ, ਆਣ ਸ਼ਹਾਦਤ ਪਾਈ ਏ।
ਦਿੱਲੀ ਦਾ ਵੀ ਦਿੱਲ ਹੈ ਕੰਬਿਆ, ਝੁੱਲ ਹਨ੍ਹੇਰੀ ਆਈ ਏ।

ਵਿੱਚ ਬਕਾਲੇ ਭਗਤੀ ਕਰਦੇ, ਨੌਂਵੀਂ ਨਾਨਕ ਜੋਤ ਬਣੇ।
ਮੱਖਣ ਸ਼ਾਹ ਲੁਬਾਣੇ ਲਈ, ਮਸੀਹਾ ਤੇ ਡੰਡਉਤ ਬਣੇ।
'ਗੁਰੂ ਲਾਧੋ ਰੇ' 'ਗੁਰੂ ਲਾਧੋ ਰੇ', ਦੀ ਪਾਈ ਉਸ ਦੁਹਾਈ ਏ
ਤੇਗ.........

ਅਨੰਦਪੁਰੀ ਦਾ ਨਗਰ ਵਸਾਇਆ, ਰੌਣਕ ਲਾਈ ਭਾਰੀ ਸੀ।
ਜਿੱਥੇ ਬਹਿ ਦਸ਼ਮੇਸ਼ ਪਿਤਾ ਨੇ, ਕਰਨੀ ਜੰਗ ਤਿਆਰੀ ਸੀ।
ਰੱਖਿਆ ਕਰਨੀ ਮਜ਼ਲੂਮਾਂ ਦੀ, ਅਸਾਂ ਨੂੰ ਤੂੰ ਸਿਖਲਾਈ ਏ
ਤੇਗ..........

ਦੇਖੋ ਮੇਰੇ ਸੱਚੇ ਸਤਿਗੁਰ, ਕੌਤਕ ਨਵੇਂ ਰਚਾ ਗਏ ਨੇ।
ਕਤਲ ਹੋਣ ਲਈ ਕਾਤਿਲ ਦੇ ਕੋਲ, ਆਪੇ ਹੀ ਚਾਲੇ ਪਾ ਲਏ ਨੇ।
ਦੁਨੀਆਂ ਦੇ ਵਿੱਚ ਕੁਰਬਾਨੀ ਦੀ, ਨਵੀਂ ਮਿਸਾਲ ਬਣਾਈ ਏ
ਤੇਗ.........

ਕਈ ਰਾਜਾਂ ਤੋਂ ਦਿੱਲੀ ਤੀਕਰ, ਮਹਿਕ ਖਿੰਡਾਈ ਸਿੱਖੀ ਦੀ।
ਖੂਹੇ ਤਾਲ ਲਵਾਏ ਜਿੱਥੇ, ਪਾਣੀ ਦੀ ਥੁੜ੍ਹ ਦਿੱਖੀ ਦੀ।
ਨਾ ਭੈਅ ਦੇਣਾ, ਨਾ ਭੈਅ ਮੰਨਣਾ, ਸਭ ਨੂੰ ਸੋਝੀ ਪਾਈ ਏ
ਤੇਗ.........

ਨੌਵੇਂ ਸਤਿਗੁਰ ਤੇਗ ਬਹਾਦਰ, ਸਿੱਖ ਤੇਰੇ ਅਖਵਾਂਦੇ ਹਾਂ।
ਹਉਮੈਂ ਵਾਲੀ ਅੱਗ ਦੇ ਅੰਦਰ, ਸੜਦੇ ਬਲਦੇ ਜਾਂਦੇ ਹਾਂ। ਬਖਸ਼ੀਂ ਭੁੱਲਾਂ ਦਾਤਾ, 'ਦੀਸ਼' ਨੇ ਬਾਂਹ ਤੈਨੂੰ ਪਕੜਾਈ ਏ
ਤੇਗ........

## ਪੁਸਤਕ ਸਮੀਖਿਆ: ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ

**ਲੇਖਕ: ਡਾ: ਤਰਲੋਕ ਸਿੰਘ, ਲੇਕਹੈੱਡ ਯੂਨੀਵਰਸਿਟੀ, ਥੰਡਰ ਬੇਅ, ਕੈਨੇਡਾ**

**ਪ੍ਰਕਾਸ਼ਕ ਅਤੇ ਮਿਲਣ ਦਾ ਪਤਾ: ਸਿੱਖ ਬੁੱਕ ਟਰੱਸਟ ਇੰਟਰਨੈਸ਼ਨਲ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮਾਡਲ ਟਾਊਨ ਐਕਸ਼ਟੈਨਸ਼ਨ, ਲੁਧਿਆਣਾ-141002;** info@ggssc.net; Mob: 0091-98882-66676. **ਡਾਕ ਖਰਚਾ ਭੇਜ ਕੇ ਕਿਤਾਬਾਂ ਮੰਗਵਾ ਸਕਦੇ ਹੋ। ਕੀਮਤ: ਰੁਪਏ 150/-**






ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰਕਾਸ਼ਨ ਵਿਭਾਗ 'ਸਿੱਖ ਬੁੱਕ ਟਰੱਸਟ ਇੰਟਰਨੈਸ਼ਨਲ' ਨੇ ਡਾ. ਤਰਲੋਕ ਸਿੰਘ ਰਚਿਤ ਗੁਰਮਤਿ ਦੀ ਪਲੇਠੀ ਪੁਸਤਕ, "ਗੁਰਬਾਣੀ ਅਧਾਰਿਤ ਪ੍ਰਸ਼ੋਨਤਰੀ" (ਭਾਗ ਪਹਿਲਾ ਅਤੇ ਭਾਗ ਦੂਜਾ) ਛਾਪ ਕੇ ਵੱਡਾ ਪਰਉਪਕਾਰ ਕੀਤਾ ਹੈ। ਇਹ ਦੋਵੇਂ ਪੁਸਤਕਾਂ ਗੁਰਬਾਣੀ ਦੇ ਗਿਆਨ ਨੂੰ ਸਵਾਲਾਂ ਜਵਾਬਾਂ ਦੇ ਰੂਪ ਵਿਚ ਪੇਸ਼ ਕਰਦੀਆਂ ਹਨ ਜਿਸ ਨਾਲ ਆਮ ਜਗਿਆਸੂ ਨੂੰ ਗੁਰਮਤਿ ਅਨੁਸਾਰ ਸ਼ੰਕੇ ਨਵਿਰਤ ਕਰਨਾਂ ਸਿਰਫ ਆਸਾਨ ਹੀ ਨਹੀਂ ਹੋ ਜਾਂਦਾ ਸਗੋਂ ਗੁਰਬਾਣੀ ਦੀ ਸੂਝ ਬੂਝ ਵਿਚ ਵੀ ਚੋਖਾ ਵਾਧਾ ਹੁੰਦਾ ਹੈ ਕਿਉਂਕਿ ਸਾਰੇ ਜਵਾਬ ਗੁਰਬਾਣੀ ਵਿਚੋਂ ਢੁਕਵੇਂ ਸ਼ਬਦਾਂ ਦੀ ਸੇਧ ਵਿਚ ਦਿੱਤੇ ਗਏ ਹਨ।

ਡਾ. ਸਰਦਾਰ ਤਰਲੋਕ ਸਿੰਘ ਦੀ ਇਹ ਨਵੇਕਲੀ ਜੁਗਤ ਹੈ ਜਿਸ ਨੂੰ ਪਹਿਲਾਂ ਕਿਸੇ ਨੇ ਏਸ ਢੰਗ ਨਾਲ ਪੇਸ਼ ਨਹੀਂ ਕੀਤਾ। ਇਹ ਢੰਗ ਕਰੜੀ ਘਾਲਣਾ ਅਤੇ ਗੁਰਬਾਣੀ ਦੀ ਡੂੰਘੀ ਸਮਝ ਤੇ ਨਿਰਧਾਰਤ ਹੈ ਜੋ ਡਾ. ਸਾਹਿਬ ਨੇ ਬਾਖੂਬੀ ਨਾਲ ਨਿਭਾਈ ਹੈ। ਉਨ੍ਹਾਂ ਨੇ ਗੁਰਬਾਣੀ ਦੇ ਅਰਥ ਸਿੱਖੀ ਮੁੱਖ ਧਾਰਾ ਦੇ ਸਰਵਪ੍ਰੀਅ ਵਿਦਵਾਨਾਂ ਦੇ ਟੀਕਿਆਂ ਦੇ ਆਧਾਰ ਤੇ ਕੀਤੇ ਹਨ। ਇਹ ਪੁਸਤਕਾਂ ਹਰ ਉਮਰ ਦੇ ਲੋਕਾਂ ਲਈ ਲਾਭਦਾਇਕ ਹਨ ਅਤੇ ਖਾਸ ਕਰਕੇ ਉਨਾਂ ਲਈ ਜੋ ਸਿੱਖ ਧਰਮ ਦੇ ਸਿਧਾਂਤਾਂ ਅਤੇ ਗੁਰਬਾਣੀ ਬਾਰੇ ਹੋਰ ਜਾਣਨਾ ਚਾਹੁੰਦੇ ਹਨ।

ਇਨ੍ਹਾਂ ਪੁਸਤਕਾਂ ਦੀ ਵਿਸ਼ੇਸ਼ਤਾ ਗੁਰਬਾਣੀ ਦੇ ਡੂੰਘੇ ਗਿਆਨ ਨੂੰ ਸਰਲ ਭਾਸ਼ਾ ਵਿਚ ਆਮ ਜਨ ਸਾਧਾਰਨ ਦੇ ਸਮਝਣਯੋਗ ਢੰਗ ਨਾਲ ਪੇਸ਼ ਕਰਨਾ; ਪ੍ਰਸ਼ਨਾਂ-ਉਤਰਾਂ ਦੇ ਢੰਗ ਨਾਲ ਜਲਦੀ ਸਮਝਣ ਅਤੇ ਯਾਦ ਰੱਖਣ ਵਿਚ ਸਹਾਈ ਹੋਣਾਂ, ਜੋ ਨਵੇਂ ਜਗਿਆਸੂਆਂ ਲਈ ਬਹੁਤ ਲਾਭਦਾਇਕ ਹੋ।ਸਾਰੇ ਜਵਾਬਾਂ ਨੂੰ ਭਰੋਸੇਮੰਦ ਅਤੇ ਪ੍ਰਮਾਣਿਕ ਸਰੋਤਾਂ ਤੇ ਆਧਾਰਤ ਤੇ ਸੀਮਤ ਕਰਕੇ ਸਿੱਖ ਸਿਧਾਂਤਾਂ ਨੂੰ ਸਪਸ਼ਟ ਅਤੇ ਉਜਾਗਰ ਕਰਨਾ ਹੈ।

ਇਹ ਪੁਸਤਕਾਂ ਕਥਾ ਵਾਚਕਾਂ, ਗ੍ਰੰਥੀ ਸਾਹਿਬਾਨਾਂ, ਗੁਰਦੁਆਰਿਆ ਦੇ ਸੇਵਾਦਾਰਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਆਧਿਆਤਮਿਕ ਗਿਆਨ ਨੂੰ ਵਧਾਉਣ ਦੇ ਚਾਹਵਾਨਾ ਲਈ ਲਾਭਦਾਇਕ ਤੋਹਫਾ ਹਨ। ਪਾਠਕ ਭਰੋਸੇ ਤੇ ਸਪਸ਼ਟਤਾ ਨਾਲ ਗੁਰਬਾਣੀ ਦੇ ਸਿਧਾਂਤਾਂ ਨੂੰ ਸਿੱਖ ਸਕਦੇ ਹਨ। ਇਹ ਪੁਸਤਕਾਂ ਸਿਖਿਆ ਪ੍ਰੇਰਕ ਹਨ ਕਿਉਂਕਿ ਇਨਾਂ ਦੀ ਭਾਸ਼ਾ ਤੇ ਸ਼ੈਲੀ ਹਰ ਉਮਰ ਦੇ ਪਾਠਕਾਂ ਲਈ ਢੁਕਵੀਂ ਹੈ ਜਿਸ ਤੋਂ ਬੱਚੇ ਤੇ ਬਜ਼ੁਰਗ ਬਰਾਬਰ ਦਾ ਲਾਭ ਲੈ ਸਕਦੇ ਹਨ ਅਤੇ ਸਿੱਖ ਧਰਮ ਦੀ ਮਹਤਵਪੂਰਨ ਜਾਣਕਾਰੀ ਉਨ੍ਹਾਂ ਨੂੰ ਚੰਗੇ ਗੁਣ ਅਪਣਾਉਣ ਦੀ ਪ੍ਰੇਰਣਾ ਦੇ ਕੇ ਚੰਗੇ ਅਤੇ ਸਾਰਥਕ ਜੀਵਨ ਜਿਉਣ ਲਈ ਮਾਰਗਦਰਸ਼ਕ ਦਾ ਕੰਮ ਕਰੇਗੀ।

ਇਹ ਪੁਸਤਕਾਂ ਡਾ: ਸਾਹਿਬ ਦੀ ਸਾਲਾਂ ਬੱਧੀ ਘਾਲ ਦਾ ਨਤੀਜਾ ਹੈ। ਇਹਨਾਂ ਵਿਚ ਦਿੱਤੀ ਸਮਗਰੀ ਪੰਜਾਬ ਟਾਈਮਜ਼ ਇੰਟਰਨੈਸ਼ਨਲ, ਡਰਬੀ, ਵਿਚ ਲੰਮੇਂ ਸਮੇਂ ਤੋਂ ਕਿਸ਼ਤਵਾਰ ਛਪਦੀ ਆ ਰਹੀ ਹੈ ਜਿਸ ਨੂੰ ਉਨ੍ਹਾਂ ਨੇ ਚਾਲੂ ਰੱਖਿਆ ਹੈ। ਲਗਦਾ ਹੈ ਕਿ ਰਹਿੰਦੇ ਸਵਾਲਾਂ ਦੀਆਂ ਤਿੰਨ ਹੋਰ ਪੁਸਤਕਾਂ ਬਣ ਜਾਣਗੀਆਂ ਜਿਨਾਂ ਨੂੰ ਭਵਿਖ ਵਿਚ ਛਾਪਣ ਦੀ ਯੋਜਨਾ ਹੈ।

ਅਸੀਂ ਹਥਲੀਆਂ ਪੁਸਤਕਾਂ ਦਾ ਸਵਾਗਤ ਕਰਦੇ ਹਾਂ ਅਤੇ ਅਗਲੀਆਂ ਪ੍ਰਕਾਸ਼ਨਾਵਾਂ ਦੀ ਉਡੀਕ ਕਰਦੇ ਹੋਏ ਡਾ. ਸਾਹਿਬ ਅਤੇ ਗੁਰੂ ਗੋਬਿੰਦ ਸਟੱਡੀ ਸਰਕਲ ਦਾ ਧੰਨਵਾਦ ਕਰਦੇ ਹਾਂ।


ਸਮੀਖਿਆਕਾਰ -

ਡਾ. ਦਲਜੀਤ ਸਿੰਘ ਵਿਰਕ, ਡਰਬੀ

Reviewed by -

Prof Daljit Singh Virk OBE,
PhD, DSc, FNA, FNAAS, FNASc,
CBiol FRSB

Professor (Rtd) Punjab Agri. University, Ludhiana
Professor (Adjunct) Eternal University, Baru Sahib, HP 173 101, India

Hon Sr Res Fellow, School of Natural Sciences, Bangor University, Bangor, Wales LL27 2UW, UK

Home Address: 18 South Brae Close, Littleover Derby DE23 1WD, UK
Tel: 0044-1332-766629 (Home); 0044-7799-057846 (Mob)

Some Prominent Sikh Scientists

Book Review

By Dr. Deviinder Pal Singh*

"A Tribute to Sikh Excellence in Science and Technology"




Published by Chetna Prakashan, this book honours the achievements of some innovative Sikhs in Basic Sciences, Medicine, Agriculture, Engineering and Technology and bridges the gap between their Identity and unique Contributions.

The book "Some Prominent Sikh Scientists" is written by Professor Dr Surjit Singh Bhatti, himself a very well-known physicist, who was awarded a PDF for advanced studies in the US after his PhD. He is ably assisted by Dr Raja Balraj Singh, a Cardiovascular scientist and Dr Rajbir Singh Bhatti, anIndustrial Engineer.

It includes a '*Foreword'* by an eminent scientist and a former Vice Chancellor of two top-ranking universities, Prof. Dr. Jai Rup Singh. The '*Preface'* outlines its accessible, non-technical approach. Very comprehensive '*Appendices'*, given at the end of the book, provide a brief information of some research papers, patents, and literary works of each of these brilliant Sikh scientists.

The book opens with Professor Puran Singh, a visionary Industrial Chemist whose innovations in extracting Essential oils were matched by his mystical and spiritual writings influenced by Sikhism and Japanese aesthetics. This is followed by a profile of Dr. Bawa Kartar Singh, the "Father of Stereochemistry in India," who validated theories on optical activity and linked scientific inquiry with his spiritual lineage as a descendant of Guru Amar Das Ji.

Appropriately, the book highlights the work of Dr Narinder Singh Kapany, "Father of Fiber Optics." His invention of Optical Fibre Cables (OFC) laid the foundation of today's high-speed internet. He promoted Sikh art and education. Next is Dr Sohan Singh Hayreh, a renowned Ophthalmologist, who made revolutionary advances in research in retinal diseases. The book goes on to explain the work of Dr Harkishan Singh, a leading Pharmacologist and Science Historian, who founded the National Institute of Pharmaceutical Education and Research (NIPER), at Chandigarh.

It then gives the work of Dr Khem Singh Gill, a pivotal figure in India's food self-sufficiency, 'Father of Green Revolution', who developed new disease-resistant wheat varieties. Also highlighted are innovative health supplements of Dr Kartar Singh Lalvani, OBE, for maternal and child health. It profiles Dr Devinder Singh Chahal's work in Bio-conversion Technologies and rational interpretations of *Gurbani* at the Institute for Understanding Sikhism. It includes Dr Gurdev Singh Khush, a Rice Geneticist, developer of 300 new rice varieties, the 'Father of the Rice Revolution', the First Sikh FRS and recipient of the World Food Prize.

Cardiovascular Scientist Dr Naranjan Singh Dhalla is celebrated for discovering the hormonal impacts on heart diseases. He was awarded the *Order of Canada* and admitted to *The Canadian Medical Hall of Fame.* Dr Harvinder Singh Sahota, "Hero of American Hearts", inventor of Perfusion Angioplasty Catheter, saved millions with his non-invasive devices. The work of Er Dr Raghbir Singh Khandpur, designer of new biomedical instruments and India's first Linear Accelerator (LINAC) to treat cancer, is the described next. He was founder of a chain of Centres for Electronic Design and Training in India (CEDTI) and a unique 'Science City' to spread Science Education.

Dr. Gurtej Singh Sandhu, a titan in Nanotechnology and Semiconductor innovations, holding over 1,400 patents, whose work revolutionized global data storage, is given in detail. Contributions of S. Jasbir Singh Sethi and Dr Santokh Singh Badesha, with over 270 U.S. patents, are the Advisors of many US government projects.

Non-technical language used in this book makes complex ideas understandable for the readers. This aligns with the authors' stated mission:

*Aspiring to Inspire the Aspirants of Scientific Knowledge."*

The *Epilogue* reinforces the need for global recognition of Indian and Sikh Scientists, citing examples of neglect of their work. In an era of diversity in STEM, this is vital. It challenges the Eurocentric scientific narratives, by spotlighting Sikh contributions and celebrates how their Cultural Identity inspires Scientific Excellence.

For young readers, especially those from the Sikh diaspora, the book offers relatable role models. Its blend of Scientific Insight, Cultural Reverence, and Humanistic Values makes it a precious resource for Educators, Researchers, and anyone interested in the confluence of Science, Sikh Identity, and Service to Humanity.

*Some Prominent Sikh Scientists* is more than a Legacy and is a beacon light encouraging future generations to pursue modern science with dedication and pride in their cultural identity.

---

*Director, Center for Understanding Sikhism, Mississauga, Ontario, (Canada)

Remembering Sikh Philanthropist S. Gurdip Singh Malik of L.A. (USA)




A leading Sikh philanthropist and dedicated Sikh S. Gurdip Singh Malik has passed away few days ago in Los Angeles, USA. His family had been living in America for a long time. The family belongs to Ferozepur in Punjab. His late elder brother S. Ripudaman Singh Malik had established the first Sikh School in Vancouver in Canada.

S. Gurdip Singh has done a unique service by appointing Music Teachers in hundreds of Punjab Schools for *Kirtan training* to students. For last twenty years thousands of children have benefited in this process. He has set up a modern Free Kitchen in Hoshiarpur from where Langar is delivered by vans to large numbers of Schools and other Institutions.

In 2002, he along with Dr Chatha established a Sikh Gallery in Smithsonian Museum, in Washington D.C. The distinguished Scientist Dr Narinder Singh Kapany provided rare Sikh artifacts and financial support for this gallery. Malik and his colleagues donated huge funds for this unique initiative. Malik family helped in establishing two Gurdwaras in L.A. They always remained a permanent host to Sikh leaders and missionaries. Bibi Inderjit Kaur wife of Yogi Bhajan informs that thousands of Sikhs participated in the funeral.

S. Tarlochan Singh, Ex-M.P (India)

Former Chairman of The National Commission for Minorities.

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ‘ਵਿਸ਼ਵ ਪੰਜਾਬੀ ਕਵੀ ਸਭਾ’ ਦੇ ਸਕੱਤਰ ਅਤੇ ‘ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ’ ਦੇ ਜਨਰਲ ਸਕੱਤਰ ਹਨ। ਕਈ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਸਰਕਾਰ ਤੋਂ ਦੋ ਵਾਰ ਅਤੇ ਭਾਰਤ ਸਰਕਾਰ ਅਤੇ ਸਾਹਿਤ ਸਭਾਵਾਂ ਤੋਂ ਕਈ ਵਾਰ ਸਨਮਾਨ ਮਿਲੇ ਹਨ । ਉਨ੍ਹਾਂ ਨੂੰ 'ਭਾਈ ਵੀਰ ਸਿੰਘ' ਅਵਾਰਡ ਨਾਲ ਵੀ ਸਨਮਾਨਿਆ ਗਿਆ।

ਡਾ. ਸਰਦਾਰ ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰ ਕੇ ਸਮਕਾਲੀ ਮਸਲਿਆਂ ਬਾਰੇ ਲਿਖਦੇ ਹਨ। ਉਨ੍ਹਾਂ ਨੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। ( singhkabal285@gmail.com)

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਮ.ਏ. ਕਰ ਕੇ ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਅਤੇ ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ। ਇੱਕ ਮੈਗਜ਼ੀਨ “ਜੋਤ ਤੇ ਜੁਗਤ” ਅਤੇ ਚਾਰ ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

ਸਰਦਾਰ ਕਰਮਜੀਤ ਸਿੰਘ ਨੂਰ 2008 ਵਿੱਚ ‘ਐਕਸੀਅਨ’ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਭਾਰਤ ਅਤੇ ਵਿਦੇਸ਼ਾਂ ਵਿਚ ਕਵੀ ਦਰਬਾਰਾਂ ਵਿਚ ਅਨੇਕਾਂ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿੱਤਾ ਗਿਆ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ।

ਡਾ. ਸਰਦਾਰ ਡੀ. ਪੀ. ਸਿੰਘ, ਵਿਗਿਆਨੀ, ਅਧਿਆਪਕ, ਅਤੇ ਵਿਸ਼ਵ ਪ੍ਰਸਿੱਧ ਲੇਖਕ ਹਨ, ਜਿਨ੍ਹਾਂ ਨੇ ਵਾਤਾਵਰਣ, ਸਮਾਜਿਕ ਵਿਸ਼ਿਆਂ ਅਤੇ ਸਿੱਖ ਅਧਿਆਤਮਿਕਤਾ ਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਬਹੁਤ ਕੁਝ ਲਿਖਿਆ ਹੈ। ਮਿਸੀਸਾਗਾ ਵਿਖੇ ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਡਾਇਰੈਕਟਰ ਹਨ।

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ : ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ Times New Roman (14 ਫੌਂਟ) ਵਿਚ ਹੋਵੇ ਜੀ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ, (ਚਾਹੁਣ ਤਾਂ ਪਾਸਪੋਰਟ ਸਾਈਜ਼ ਦੀ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਆਪਣੀ ਸੰਖੇਪ ਜਾਣਕਾਰੀ ਦੇਣ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ – 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਬਹੁਤੇ ਲੰਬੇ ਲੇਖ *sanjihivrasat.org* ਦੇ 'ਬਲ਼ੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement*' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦੱਸਣਾ ਜ਼ਰੂਰੀ ਹੈ ਜੀ।

## Important Information for Authors

1. Magazine Policy : To Promote Punjabi Culture, History and Heritage (By Secular, Non-Political, Non-Personal Articles/Poems, after Review)
2. Editorial Board : Will not be responsible for views of Authors / Poets.
3. Font preferred 14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction, Give Phone, E-mail, or WhatsApp. (photo - optional)
7. Maximum : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy -Right (CR) : Authors will ensure there is 'No CR' Infringement.
10. References : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸ਼ਲਾਹਕਾਰ

| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ




ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਸ੍ਰ. ਜਸਵਿੰਦਰ ਸਿੰਘ ਰੁਪਾਲ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ